# ਸਾਂਝੀ ਵਿਰਾਸਤ

ਜਿਲਦ 1 ਅੰਕ 10 | 2022 | ਕੱਤਕ (ਅਕਤੂਬਰ)



## ਪੰਜਾਬੀ ਭਾਸ਼ਾ, ਸਭਿਅਤਾ ਅਤੇ ਵਿਰਾਸਤ ਦਾ ਮਾਸਿਕ ਮੈਗਜ਼ੀਨ

A monthly non-political, not-for-profit (bilingual) online magazine of

Panjabi Language, Culture, History and Heritage

www.sanjhivirasat.org

## ਤਤਕਰਾ (ਅਕਤੂਬਰ 2022)


| | | |
|---|---|---|
| 1. | ਸੰਪਾਦਕੀ ਮੰਡਲ | ਸਾਂਝੀ ਵਿਰਾਸਤ |
| 2. | ਸੰਪਾਦਕੀ ਨੋਟ | ਮੁਖ ਸੰਪਾਦਕ |
| 3. | ਬਾਰਹ ਮਾਹਾ ਮਾਂਝ ਵਿਚੋਂ ਗੁਰ-ਸ਼ਬਦ ਤੇ ਵਿਆਖਿਆ | ਕਰਮਜੀਤ ਸਿੰਘ ਨੂਰ |
| 4. | ਬਾਣੀ ਹੈ ਇਹ ਧੁਰ ਕੀ ਬਾਣੀ | ਗੁਰਦੀਸ਼ ਕੌਰ ਗਰੇਵਾਲ |
| 5. | ਗੁਰਦਵਾਰਾ, ਗੁਰਮਤਿ ਦੀ ਧਰਮਸਾਲਾ | ਕਾਬਲ ਸਿੰਘ ਤੇ ਬਲਦੇਵ ਸਿੰਘ |
| 6. | ਕੈਂਸਰ ਲਈ ਦੇਸੀ ਦਵਾਈਆਂ ਕਿਨ੍ਹੀਆਂ ਅਸਰਦਾਰ? | ਹਰਸ਼ਿੰਦਰ ਕੌਰ |
| 7. | ਆਓ ਸਿਆਣੇ ਮਤਦਾਤਾ ਬਣੀਏ | ਬਲਦੇਵ ਸਿੰਘ ਢਿੱਲੋਂ |
| 8. | ਵਿਗਸਦੀ ਖੁਸ਼ਹਾਲੀ ਦੇ ਦਾਤਾ – ਗੁਰੂ ਨਾਨਕ (3) | ਬਲਵਿੰਦਰਪਾਲ ਸਿੰਘ |
| 9. | ਬੰਦੀ-ਛੋੜ ਦਿਵਸ | ਸੁਰਜੀਤ ਸਿੰਘ ਭੱਟੀ |
| 10. | ਅਧਿਆਪਕ ਤਾਂ ਮਲਾਹ ਹੁੰਦਾ ਏ! | ਗੁਰਦੀਸ਼ ਕੌਰ ਗਰੇਵਾਲ |
| 11. | ਗਜ਼ਲ | ਗੁਰਭਜਨ ਸਿੰਘ ਗਿੱਲ |
| 12. | ਸ਼ਬਦ-ਗੁਰੂ ਤੋਂ ਟੁੱਟਿਆ ਮਨੁੱਖ | ਬੁਧ ਸਿੰਘ ਨੀਲੋਂ |
| 13. | ਡਾ. ਸਵੈਮਾਨ ਸਿੰਘ, ਇੱਕ ਨਿਸ਼ਕਾਮ ਸੇਵਾਦਾਰ | ਰਾਜਾ ਬਲਰਾਜ ਸਿੰਘ |
| 14. | ਬਾਲੜੀ ਦਾ ਅੰਤਰ-ਰਾਸ਼ਟ੍ਰੀ ਦਿਨ | ਨਰਿੰਦਰ ਕੌਰ |
| 15. | ਸਾਨੂੰ ਇੰਨ੍ਹਾਂ ਤੇ ਮਾਣ ਹੈ | - |
| 16. | "ੴ" ਦੀ ਸਮਰਥਾ | ਹਰਪ੍ਰੀਤ ਸਿੰਘ ਜਵੰਦਾ |
| 17. | ਗੀਤ | ਗੁਰਚਰਨ ਸਿੰਘ ਜੋਗੀ |
| 18. | ਅਕਤੂਬਰ ਦਾ ਮਹੀਨਾ | ਰੂਬੀਨਾ ਸਿੰਘ |
| 19. | ਪੰਜ ਤੱਤਾਂ ਦੀ ਚਿੰਤਾ | ਡੀ. ਪੀ. ਸਿੰਘ |
| 20. | ਕਵੀ ਦਰਬਾਰ | |
| 21. | ਅਕਤੂਬਰ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ | |
| 22. | ਲੇਖਕਾਂ ਲਈ ਜ਼ਰੂਰੀ ਜਾਣਕਾਰੀ | |
| 23. | ਸਾਡੇ ਐਡੀਟਰ ਅਤੇ ਸਲਾਹਕਾਰ | |

## ਸੰਪਾਦਕੀ ਮੰਡਲ

## Editorial Board


1. ਡਾ. ਰਾਜਾ ਬਲਰਾਜ ਸਿੰਘ — ਕੈਲਗਰੀ (ਕੈਨੇਡਾ)
2. ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ — ਕੈਲਗਰੀ (ਕੈਨੇਡਾ)
3. ਪ੍ਰੋਫ਼ੈਸਰ ਮਨਿੰਦਰ ਸਿੰਘ — ਐਡਮਿੰਟਨ (ਕੈਨੇਡਾ)
4. ਡਾ. ਕਾਬਲ ਸਿੰਘ — ਐਡਮਿੰਟਨ (ਕੈਨੇਡਾ)
5. ਡਾ. ਬਲਦੇਵ ਸਿੰਘ — ਐਡਮਿੰਟਨ (ਕੈਨੇਡਾ)
6. ਸਰਦਾਰ ਜਗਬੀਰ ਸਿੰਘ ਕੋਹਲੀ — ਕੈਲਗਰੀ (ਕੈਨੇਡਾ)
7. ਸਰਦਾਰ ਪਰਮਜੀਤ ਸਿੰਘ — ਟੋਰੋਂਟੋ (ਕੈਨੇਡਾ)
8. ਪ੍ਰਿੰਸੀਪਲ ਮਨਮੋਹਨ ਕੌਰ — ਕੈਲਗਰੀ (ਕੈਨੇਡਾ)
9. ਡਾ. ਰਾਜਬੀਰ ਸਿੰਘ ਭੱਟੀ — ਕੈਲਗਰੀ (ਕੈਨੇਡਾ)
10. ਡਾ. ਸੁਰਜੀਤ ਸਿੰਘ ਭੱਟੀ (ਮੁਖ ਸੰਪਾਦਕ) — ਕੈਲਗਰੀ (ਕੈਨੇਡਾ)


<u>ਸਲਾਹਕਾਰ:</u>


1. ਡਾ. ਕਾਲਾ ਸਿੰਘ — ਵੈਨਕੂਵਰ (ਕੈਨੇਡਾ)
2. ਡਾ. ਦਵਿੰਦਰ ਸਿੰਘ ਸੇਖੋਂ — ਵਿੰਡਸਰ (ਕੈਨੇਡਾ)
3. ਡਾ. ਦਵਿੰਦਰ ਪਾਲ ਸਿੰਘ — ਮਿਸੀਸਾਗਾ (ਕੈਨੇਡਾ)
4. ਡਾ. ਜਗਜੀਤ ਸਿੰਘ — ਵੈਨਕੂਵਰ (ਕੈਨੇਡਾ)
5. ਸ਼੍ਰੀ ਰਿਸ਼ੀ ਨਾਗਰ — ਕੈਲਗਰੀ (ਕੈਨੇਡਾ)
6. ਸਰਦਾਰ ਯੁਵਰਾਜ ਸਿੰਘ — ਕੈਲਗਰੀ (ਕੈਨੇਡਾ)

# ਸੰਪਾਦਕੀ ਨੋਟ

ਅਕਤੂਬਰ ਦੇ ਮਹੀਨੇ ਵਿਚ ਸਿੱਖ ਇਤਿਹਾਸ ਪਖੋਂ ਕੁੱਝ ਦਿਨ ਬਹੁਤ ਮਹੱਤਵਪੂਰਣ ਹਨ। ਚੌਥੇ ਪਾਤਸ਼ਾਹ ਗੁਰੂ ਰਾਮ ਦਾਸ ਸਾਹਿਬ ਦਾ ਪ੍ਰਕਾਸ਼ ਪੁਰਬ 11 ਅਕਤੂਬਰ ਨੂੰ ਹੈ। ਸਤਵੇਂ ਪਾਤਸ਼ਾਹ ਗੁਰੂ ਹਰਿ ਰਾਇ ਸਾਹਿਬ ਦੇ ਜੋਤੀ ਜੋਤਿ ਸਮਾਵਣ ਅਤੇ ਅਠਵੇਂ ਪਾਤਸ਼ਾਹ ਗੁਰੂ ਹਰਿ ਕ੍ਰਿਸ਼ਨ ਜੀ ਦਾ ਗੁਰ-ਗੱਦੀ ਦਿਨ 19 ਅਕਤੂਬਰ ਨੂੰ ਹੈ। ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ "ਸਦੀਵੀ ਗੁਰੂ" ਵਜੋਂ ਸਥਾਪਨਾ (ਗੁਰਗੱਦੀ) ਦਿਵਸ 20 ਅਕਤੂਬਰ ਨੂੰ ਹੈ। ਅਕਤੂਬਰ ਦੀ 17 ਤਾਰੀਖ ਨੂੰ ਕੱਤਕ ਦਾ ਮਹੀਨਾ ਸ਼ੁਰੂ ਹੋ ਜਾਂਦਾ ਹੈ। ਗੁਰੂ ਹਰਗੋਬਿੰਦ ਸਾਹਿਬ ਵਲੋਂ ਗਵਾਲੀਅਰ ਦੇ ਕਿਲੇ ਤੋਂ 52 ਬੰਦੀ ਹਿੰਦੂ ਰਾਜਿਆਂ ਨੂੰ ਛੁਡਾਣ ਦੀ ਘਟਨਾ ਦੀ ਯਾਦ ਵਿਚ 8 ਕੱਤਕ ਨੂੰ 'ਬੰਦੀ-ਛੋੜ ਦਿਵਸ' ਮਨਾਇਆ ਜਾਂਦਾ ਹੈ।

ਇੱਕ ਅਕਤੂਬਰ ਦਾ ਦਿਨ ਬਜ਼ੁਰਗਾਂ ਦੇ ਸਤਿਕਾਰ ਅਤੇ ਸ਼ਾਕਾਹਾਰੀ ਭੋਜਨ ਨੂੰ ਸਮਰਪਿਤ ਕੀਤਾ ਜਾਂਦਾ ਹੈ। ਹਰ ਸਾਲ 8 ਅਕਤੂਬਰ ਨੂੰ ਭਾਰਤੀ ਹਵਾਈ ਫੌਜ ਆਪਣਾ ਸਥਾਪਨਾ ਦਿਨ ਮਨਾਉਂਦੀ ਹੈ। ਇਸ ਦਿਨ ਸਾਡਾ ਹੋਰਨਾ ਤੋਂ ਇਲਾਵਾ ਉਨ੍ਹਾਂ ਤਿੰਨ ਪੰਜਾਬੀਆਂ ਨੂੰ ਯਾਦ ਕਰਨਾ ਬਣਦਾ ਹੈ ਜਿਨ੍ਹਾਂ ਬਹਾਦਰੀ ਦੇ ਨਵੇਂ ਇਤਿਹਾਸ ਸਿਰਜੇ। ਇਹ ਹਨ: ਪਹਿਲੇ ਭਾਰਤੀ ਬਰਤਾਨਵੀ ਹਵਾਈ ਫੌਜ ਦੇ ਪਾਇਲਟ ਸਰਦਾਰ ਹਰਦਿੱਤ ਸਿੰਘ ਮਲਿਕ, ਪਹਿਲੇ ਮਾਰਸ਼ਲ ਭਾਰਤੀ ਹਵਾਈ ਫੌਜ ਦੇ, ਸਰਦਾਰ ਅਰਜਨ ਸਿੰਘ ਅਤੇ ਪਹਿਲੀ ਇਸਤ੍ਰੀ, ਹਰਿਤਾ ਕੌਰ ਦਿਉਲ, ਜਿਸ ਨੇ ਇਕੱਲਿਆਂ ਉਡਾਨ ਕਰ ਕੇ ਰਿਕਾਰਡ ਬਣਾਇਆ। ਇੱਕ ਹੋਰ ਖਾਸ ਦਿਨ 11 ਅਕਤੂਬਰ ਹੈ ਜੋ ਵਿਸ਼ਵ ਭਰ ਵਿਚ ਬਾਲੜੀਆਂ ਦੇ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਸ ਅੰਕ ਵਿਚ ਇਨ੍ਹਾਂ ਸਭ ਬਾਰੇ ਸੰਖੇਪ ਜ਼ਿਕਰ ਕੀਤਾ ਗਿਆ ਹੈ।

ਜੋ ਲੇਖਕ / ਕਵੀ ਅਗਲੇ ਅੰਕਾਂ ਲਈ ਪੰਜਾਬੀ ਭਾਸ਼ਾ, ਸਭਿੱਅਤਾ, ਇਤਿਹਾਸ ਜਾਂ ਵਿਰਾਸਤ ਬਾਰੇ ਕੋਈ ਰਚਨਾ (ਲੇਖ, ਮਿੰਨੀ ਕਹਾਣੀ, ਆਪ-ਬੀਤੀ ਜਾਂ ਕਵਿਤਾ) ਭੇਜਣਾ ਚਾਹੁੰਦੇ ਹਨ ਉਹ ਹਰ ਮਹੀਨੇ ਦੀ 10 ਤਾਰੀਖ ਤਕ ਭੇਜਣ ਦੀ ਕ੍ਰਿਪਾਲਤਾ ਕਰਨ। ਕਿਸੇ ਧਰਮ, ਸੰਸਥਾਂ ਜਾਂ ਪਾਰਟੀ ਵਿਰੁੱਧ ਲੇਖ ਨਹੀਂ ਛਾਪੇ ਜਾਣਗੇ। ਨਾ ਹੀ ਕਿਸੇ ਰਾਜਨੀਤਿਕ ਜਾਂ ਵਿਵਾਦ-ਗ੍ਰਸਤ ਵਿਅਕਤੀ ਬਾਰੇ ਜ਼ਿਕਰ ਜਾਂ ਕੋਈ ਲਿਖਤ ਪਰਵਾਨ ਹੋਵੇਗੀ। ਲਿਖਤਾਂ ਵੈਬਸਾਈਟ ਤੇ ਦਿੱਤੇ ਵਿਸ਼ਿਆਂ ਤੇ ਹੀ ਹੋਣ। ਇਕਸਾਰਤਾ ਲਈ ਜ਼ਰੂਰੀ ਜਾਣਕਾਰੀ ਹਰ ਅੰਕ ਦੇ ਅੰਤਲੇ ਪੰਨੇ ਤੇ ਦਿੱਤੀ ਜਾਂਦੀ ਹੈ ਅਤੇ ਸਾਡੇ ਵੈਬਸਾਈਟ **(sanjhivirasat.org)** ਤੋਂ ਵੀ ਮਿਲ ਸਕਦੀ ਹੈ। ਅਨਮੋਲ ਲਿਪੀ ਵਿਚ ਲਿਖਤਾਂ ਪਹਿਲੇ ਛਪਣਗੀਆਂ।

ਮੈਗਜ਼ੀਨ ਲਈ ਰਚਨਾ ਵਧ ਤੋਂ ਵਧ ਦੋ ਪਨਿੰਆਂ ਤਕ ਹੋਵੇ। ਇਸ ਤੋਂ ਲੰਬੇ (ਜਾਂ ਅੰਗਰੇਜ਼ੀ ਵਿਚ) ਲੇਖ (ਇਸ ਵੈਬਸਾਈਟ ਦੇ) 'ਬਲਾਗ' ਉਤੇ ਪਾਏ ਜਾ ਸਕਦੇ ਹਨ ਜਾਂ ਮੈਗਜ਼ੀਨ ਵਿਚ ਲੜੀਵਾਰ ਛਾਪੇ ਜਾ ਸਕਦੇ ਹਨ। ਲੇਖਕ (ਜੇ ਚਾਹੁਣ ਤਾਂ) ਆਪਣੀ ਫੋਟੋ, ਆਪਣਾ ਈ-ਮੇਲ, ਵੱਟਸਐਪ ਜਾਂ ਫੋਨ ਨੰਬਰ, ਅਤੇ ਆਪਣੇ ਬਾਰੇ ਸੰਖੇਪ ਜਾਣਕਾਰੀ ਵੀ ਭੇਜ ਸਕਦੇ ਹਨ। ਪਾਠਕਾਂ ਅਤੇ ਲੇਖਕਾਂ ਦੇ ਸੁਝਾਵਾਂ ਦਾ ਸਵਾਗਤ ਹੈ। ਆਸ ਹੈ ਪਹਿਲੇ ਵਾਂਗ ਇਹ ਅੰਕ ਵੀ ਪਾਠਕਾਂ ਲਈ ਜਾਣਕਾਰੀ-ਭਰਪੂਰ ਹੋਵੇਗਾ।ਧੰਨਵਾਦ।

ਪ੍ਰੋਫ਼ੈਸਰ (ਡਾ.) ਸੁਰਜੀਤ ਸਿੰਘ ਭੱਟੀ, ਕੈਲਗਰੀ (ਕੈਨੇਡਾ)

ਮੁੱਖ ਸੰਪਾਦਕ

**(surjitsingh.bhatti@gmail.com)**

## ਬਾਰਹ ਮਾਹਾ ਮਾਂਝ ਵਿਚੋਂ ਸ਼ਬਦ ਤੇ ਵਿਆਖਿਆ

ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

ੴ ਸਤਿਗੁਰ ਪ੍ਰਸਾਦਿ ॥

ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥
ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥
ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥
ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ॥
ਵਿਚ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ ॥
ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ ॥
ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ॥
ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ॥
ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੈ ਸੋਚ ॥ ੯॥

ਵਿਆਖਿਆ:

ਕਰਮਜੀਤ ਸਿੰਘ 'ਨੂਰ', ਜਲੰਧਰ (ਭਾਰਤ)

ਕੱਤਿਕ (ਕੱਤਕ) ਦੇ ਮਹੀਨੇ ਰਾਹੀਂ ਗੁਰੂ ਅਰਜਨ ਦੇਵ ਜੀ ਉਪਦੇਸ਼ ਕਰਦੇ ਹਨ ਕਿ ਇਸ ਸੁਹਾਵਣੀ ਰੁੱਤ ਵਿਚ ਜੀਵ ਦਾ ਪ੍ਰਮਾਤਮਾ ਨਾਲੋਂ ਵਿਛੋੜਾ ਉਸ ਦੇ ਕੀਤੇ ਕਰਮਾਂ ਕਰਕੇ ਹੈ। ਜੀਵ ਪਰਮਾਤਮਾ ਨੂੰ ਭੁਲਾ ਕੇ ਪਰੇਸ਼ਾਨ ਹੁੰਦਾ ਹੈ ਅਤੇ ਮਾਇਆ ਦੇ ਪਦਾਰਥਾਂ ਨੂੰ ਭੋਗਣ ਵਿੱਚ ਮਸਤ ਹੋ ਜਾਂਦਾ ਹੈ ਜੋ ਕਿ ਅੰਤ ਵਿੱਚ ਦੁਖਦਾਈ ਹੋ ਨਿੱਬੜਦੇ ਹਨ । ਚੰਗੇ ਭਾਗਾਂ ਨਾਲ ਜੇ ਪ੍ਰਮਾਤਮਾ ਦਾ ਮਿਲਾਪ ਹੋ ਜਾਵੇ ਤਾਂ ਸਾਰਾ ਵਿਛੋੜੇ ਦਾ ਦੁੱਖ ਸਮਾਪਤ ਹੋ ਜਾਂਦਾ ਹੈ। ਗੁਰੂ ਨਾਨਕ ਜੀ ਸਮਝਾਉਂਦੇ ਹਨ ਕਿ ਉਸ ਬੰਦੀਛੋੜ ਮਾਲਕ ਅੱਗੇ ਅਰਦਾਸ ਕਰੀਏ ਕਿ ਉਹ ਸਾਨੂੰ ਇਸ ਮਾਇਆ ਤੇ ਬੰਧਨਾਂ ਤੋਂ ਬਚਾ ਕੇ ਰੱਖੇ। ਕੱਤਕ ਦੀ ਸੁਹਾਵਣੀ ਰੁਤ ਵਿਚ ਜਿਸ ਨੂੰ ਸਾਧੂ ਦੀ ਸੰਗਤ ਪ੍ਰਾਪਤ ਹੋ ਜਾਏ ਉਸ ਦੇ ਸਾਰੇ ਚਿੰਤਾ ਫ਼ਿਕਰ ਖ਼ਤਮ ਹੋ ਜਾਂਦੇ ਹਨ ।

## ਇਸ ਮਹੀਨੇ ਦੇ ਗੁਰ-ਸ਼ਬਦ ਦੀ
## ਕਾਵਿ-ਵਿਆਖਿਆ

ਸਰਦਾਰ ਕਰਮਜੀਤ ਸਿੰਘ ‘ਨੂਰ’
ਜਲੰਧਰ (ਭਾਰਤ)
+91-98150-23970



ਠੰਢੀ ਮਿੱਠੜੀ ਕੱਤਕ ਦੀ ਰੁੱਤ ਵਿਚ ਵੀ,
ਵਿਛੜ ਜਾਵੇ ਜੇ ਪ੍ਰਭੂ, ਗਰੂਰ ਕੀ ਹੈ ।
ਸਾਡੇ ਆਪਣੇ ਕਰਮਾਂ ਦਾ ਫਲ ਹੈ ਇਹ, ਇਸ
ਵਿੱਚ ਕਿਸੇ ਦਾ ਦਸੋ ਕਸੂਰ ਕੀ ਹੈ।
ਜੋ ਪਰਮਾਤਮਾ ਨੂੰ ਜਾਵੇ ਭੁੱਲ, ਉਸ ਨੂੰ, ਚੰਬੜ
ਸਾਰੇ ਜਹਾਨ ਦੇ ਰੋਗ ਜਾਂਦੇ।
ਮੁੱਖ ਓਸ ਤੋਂ ਜਿਹੜਾ ਵੀ ਮੋੜ ਲੈਂਦਾ, ਜਨਮਾਂ
ਜਨਮਾਂ ਦੇ ਲੱਗ ਵਿਯੋਗ ਜਾਂਦੇ।
ਜਿੰਨੀਆਂ ਮਾਇਆ ਦੀਆਂ ਮੌਜਾਂ ਤੂੰ ਮਾਣੀਆਂ
ਨੇ ,ਹਸ਼ਰ ਇਹਨਾਂ ਦਾ ਬੜਾ ਦੁਖਦਾਈ ਹੋਣਾ।
ਜਾ ਜਾ ਰੋਏਂਗਾ ਰੋਜ਼ ਕਿਸ ਕੋਲ ਓਦੋਂ, ਨਹੀਂ
ਕਿਸੇ ਵਿਚੋਲੇ ਸਹਾਈ ਹੋਣਾ।
ਕੁਝ ਵੀ ਆਪਣੇ ਕੀੱਤਿਆਂ ਨਹੀਂ ਹੁੰਦਾ, ਹੁੰਦਾ
ਓਹੀ ਜੋ ਧੁਰੋਂ ਮਨਜ਼ੂਰ ਹੋਵੇ।
ਵੱਡੇ ਭਾਗਾਂ ਦੇ ਨਾਲ ਜੇ ਪ੍ਰਭੂ ਮਿਲ ਪਏ, ਸਾਰਾ
ਦੁੱਖ ਵਿਛੋੜੇ ਦਾ ਦੂਰ ਹੋਵੇ।
ਰੱਖ ਨਾਨਕ ਨੂੰ ਪ੍ਰਭੂ ਬਚਾ ਕੇ ਤੂੰ, ਬੰਦੀਛੋੜ
ਮਾਲਿਕ ਬੰਧਨ ਚੁੱਕ ਸਾਰੇ।
ਕੱਤਕ ਵਿਚ ਜਿਸ ਨੂੰ ਮਿਲ ਜਾਏ ਸਾਧਸੰਗਤ,
'ਨੂਰ' ਫ਼ਿਕਰ ਉਸ ਦੇ ਜਾਂਦੇ ਮੁੱਕ ਸਾਰੇ ।

ਪਹਿਲੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ

## ‘ਬਾਣੀ’ ਹੈ ਇਹ ‘ਧੁਰ ਕੀ ਬਾਣੀ’

ਗੁਰਦੀਸ਼ ਕੌਰ ਗਰੇਵਾਲ, ਕੈਲਗਰੀ (ਕੈਨੇਡਾ) ਵਟਸਐਪ: +91 98728 60488

‘

‘ਬਾਣੀ ਹੈ ਇਹ ‘ਧੁਰ ਕੀ ਬਾਣੀ’
ਬਾਣੀ ਜਨਮ ਸਵਾਰੇ।
ਬਾਣੀ ਸਭ ਦੁੱਖਾਂ ਦਾ ਦਾਰੂ
ਦੁੱਖ ਸੰਤਾਪ ਉਤਾਰੇ।
ਗੁਰੂਆਂ ਭਗਤਾਂ ਦੀ ਇਹ ਬਾਣੀ
ਤਾਂਹੀਉਂ ਕਹਿੰਦੇ ਨੇ ਗੁਰਬਾਣੀ
ਪੜ੍ਹੇ ਸੁਣੇ ਜੋ ਮਨ ਚਿੱਤ ਲਾ ਕੇ
ਕਰਦੀ ਵਾਰੇ ਨਿਆਰੇ।
ਬਾਣੀ...
ਬਾਣੀ ਸੱਚਾ ਰਾਹ ਦਿਖਲਾਵੇ
ਊਚ ਨੀਚ ਦਾ ਭੇਦ ਮਿਟਾਵੇ
‘ਸਭਨਾ ਜੀਆ ਕਾ ਇਕੁ ਦਾਤਾ’
ਬਾਣੀ ਸੱਚ ਉਚਾਰੇ।
ਬਾਣੀ...
ਕੁੱਜੇ ਪਾਇਆ ਗਿਆਨ ਸਮੁੰਦਰ
ਚੌਦਾਂ ਸੌ ਤੀਹ ਅੰਗਾਂ ਅੰਦਰ
ਵੱਖੋ ਵੱਖ ਰਾਗਾਂ ਵਿੱਚ ਬਾਣੀ
ਸਾਜੀ ਪੰਚਮ ਪਿਆਰੇ।
ਬਾਣੀ...
ਬਾਣੀ ਦੇ ਲੜ ਜਿਹੜਾ ਲੱਗੇ
ਕੋਈ ਵਿਕਾਰ ਨਾ ਉਸਨੂੰ ਠੱਗੇ
ਸਾਚੀ ਬਾਣੀ ਨੇ ਤਾਂ ਪਾਪੀ
ਕੌਡੇ ਕਈ ਸੁਧਾਰੇ।
ਬਾਣੀ...
ਬਾਣੀ ਰੰਬਾ ਮਨ ਦਾ ਚੰਡੇ
ਬਾਣੀ ਸਭ ਨੂੰ ਖੁਸ਼ੀਆਂ ਵੰਡੇ
ਬਾਣੀ ਵਰਖਾ ਸੁੱਖਾਂ ਦੀ ਕਰ
ਤਪਦਾ ਹਿਰਦਾ ਠਾਰੇ।
ਬਾਣੀ...
ਬਾਣੀ ਤਾਈਂ ਪਿਆਰ ਕਰਾਂ ਮੈਂ
ਬਾਣੀ ਦਾ ਸਤਿਕਾਰ ਕਰਾਂ ਮੈਂ
‘ਦੀਸ਼’ ਕਹੇ ਬਾਣੀ ਦੇ ਵਿਚੋਂ
ਹੁੰਦੇ ਗੁਰੂ ਦੀਦਾਰੇ।
ਬਾਣੀ..



## ਬੰਦੀ ਛੋੜ ਦਿਵਸ

'ਬੰਦੀ ਛੋੜ' ਦਿਵਸ, ਪੈਗਾਮ ਲੈ ਕੇ ਆ ਗਿਆ।
ਭਲਾ ਸਰਬੱਤ ਦਾ ਇਹ, ਕਰਨਾ ਸਿਖਾ ਗਿਆ।
ਮੀਰੀ ਪੀਰੀ ਸਤਿਗੁਰ, ਸੰਗਤਾਂ ਦੇ ਪਾਤਸ਼ਾਹ।
ਬੰਦੀ ਸੀ ਬਣਾਇਆ ਜਿਹਨੂੰ, ਦਿੱਲੀ ਵਾਲੇ ਬਾਦਸ਼ਾਹ।
ਰਾਜਿਆਂ ਬਵੰਜਾ ਨੂੰ ਉਹ, ਕੈਦ 'ਚੋਂ ਛੁਡਾ ਗਿਆ
ਬੰਦੀ ਛੋੜ......
ਸੁੱਚਿਆਂ ਵਿਚਾਰਾਂ ਨਾਲ, ਅੰਦਰ ਸਜਾਈਏ ਜੀ।
ਲੋੜਵੰਦਾਂ ਦੀ ਵੀ ਲੋੜ, ਪੂਰੀ ਕਰ ਆਈਏ ਜੀ।
ਦਾਤਾਂ ਜਿਹੜਾ ਦੇਵੇ, ਓਹਦਾ ਸ਼ੁਕਰ ਮਨਾ ਲਿਆ
ਬੰਦੀ ਛੋੜ.......
ਫੂਕੀਏ ਪਟਾਖੇ ਕਾਹਨੂੰ, ਖਰਚੇ ਨੂੰ ਜਰੀਏ।
ਸੰਦਲੀ ਹੈ ਪੌਣ, ਇਹਨੂੰ ਗੰਧਲੀ ਨਾ ਕਰੀਏ।
ਛੱਡ ਜ਼ਹਿਰੀ ਗੈਸਾਂ, ਪ੍ਰਦੂਸ਼ਣ ਵਧਾ ਲਿਆ
ਬੰਦੀ ਛੋੜ.......
ਬੀਜ ਨਾਸ ਨਫ਼ਰਤਾਂ ਦੇ, ਦਿਲਾਂ ਵਿੱਚੋਂ ਕਰੀਏ।
ਲੱਗੇ ਹੋਏ ਫੱਟਾਂ ਉਤੇ, ਮੱਲ੍ਹਮਾਂ ਤਾਂ ਧਰੀਏ।
ਕਰ ਪਛਤਾਵਾ ਜੇ ਹੈ, ਮਨ ਸਮਝਾ ਲਿਆ
ਬੰਦੀ ਛੋੜ.....
ਮੱਸਿਆ ਦੀ ਰਾਤ 'ਦੀਸ਼', ਮਨ ਰੁਸ਼ਨਾ ਲਈਏ।
ਗਿਆਨ ਵਾਲਾ ਦੀਪ ਇਕ, ਅੰਦਰ ਜਗਾ ਲਈਏ।
ਵਿਸ਼ੇ ਤੇ ਵਿਕਾਰ ਲਾਹ ਜੇ, ਮਨ ਚਮਕਾ ਲਿਆ
ਬੰਦੀ ਛੋੜ.....

# ਗੁਰਦੁਆਰਾ, ਗੁਰਮਤਿ ਦੀ ਧਰਮਸ਼ਾਲਾ ਕਿਵੇਂ ਬਣੇ?
## *ਭਾਗ 3: ਵਰਤਮਾਨ ਸਥਿਤੀ ਤੇ ਆਮ ਜੀਵਨ ਵਿਚੋਂ ਵਿਚਾਰ*

ਡਾ. ਕਾਬਲ ਸਿੰਘ ਅਤੇ ਡਾ. ਬਲਦੇਵ ਸਿੰਘ, ਐਡਮਿੰਟਨ (ਕੈਨੇਡਾ)

***ਲੜੀ ਜੋੜਨ ਲਈ ਕ੍ਰਿਪਾ ਕਰਕੇ ਪੜ੍ਹੋ 'ਭਾਗ 1: ਸੰਕਲਪ ਤੇ ਸੰਸਥਾ' (ਸਾਂਝੀ ਵਿਰਾਸਤ, ਅੰਕ 8, ਅਗਸਤ 2022);***

***'ਭਾਗ 2: ਇਤਿਹਾਸਕ ਬਦਲਾਵ ਤੇ ਨਿਘਾਰ' (ਸਾਂਝੀ ਵਿਰਾਸਤ, ਅੰਕ 9, ਸਤੰਬਰ 2022)***

## ਵਰਤਮਾਨ ਸਥਿਤੀ

ਸਿੱਖ ਪ੍ਰਵਾਰਾਂ ਦੇ ਜਨਮ ਤੋਂ ਮ੍ਰਿਤੂ ਤਕ ਸਬੰਧਤ ਸੰਸਕਾਰ, ਯਾਨੀ ਹਰ ਖੁਸ਼ੀ-ਗਮੀ ਦੇ ਮੌਕੇ, ਅਜ ਵੀ ਗੁਰਦੁਆਰਾ-ਸੰਸਥਾ ਨਾਲ ਜੁੜੇ ਹਨ। ਪ੍ਰੰਤੂ, ਅਕਸਰ ਗੁਰਬਾਣੀ ਤੋਂ ਸਿਖਿਆ ਲੈਣ ਤੇ ਉਸ ਤੇ ਅਮਲ ਕਰਨ ਨਾਲੋਂ ਬਾਹਰਲੇ ਕਰਮਕਾਂਡਾਂ (ਜਿਵੇਂ ਗੁਰੂ ਗ੍ਰੰਥ ਸਾਹਿਬ ਅੱਗੇ ਰਸਮੀ ਮੱਥਾ ਟੇਕਣਾ ਤੇ ਪ੍ਰਕਰਮਾ ਕਰਨੀ, ਨਿੱਜੀ ਮਕਸਦ ਲਈ ਪ੍ਰਸ਼ਾਦ ਜਾਂ ਲੰਗਰ ਕਰਵਾਉਣਾ, ਰੁਮਾਲਾ ਚੜ੍ਹਾਉਣਾ, ਜੋੜੇ ਝਾੜਨਾ, ਦਿਖਾਵਾ ਕਰ ਕੇ ਭੇਟਾ ਦੇਣੀ ਜਾਂ ਦਾਨ ਕਰਨਾ, ਲੰਮੀਆਂ ਚੌੜੀਆਂ ਅਰਦਾਸਾਂ ਕਰਨੀਆਂ, ਆਦਿ) ਨੂੰ ਹੀ ਗੁਰਮਤਿ ਸਮਝ ਲਿਆ ਜਾਂਦਾ ਹੈ।

ਗੁਰਬਾਣੀ ਆਪ ਪੜ੍ਹ ਜਾਂ ਸੁਣ ਕੇ ਸਮਝਣ ਅਤੇ ਸਿਖਿਆ ਉੱਤੇ ਅਮਲ ਕਰਨ ਦੇ ਅਸਲੀ ਟੀਚੇ ਨਾਲੋਂ ਪੈਸੇ ਦੇ ਕੇ ਪਾਠ ਜਾਂ ਕੀਰਤਨ ਕਰਵਾਉਣਾ ਹੀ ਕਾਫੀ ਸਮਝ ਲਿਆ ਜਾਂਦਾ ਹੈ।

ਸੇਵਾ ਸਿੱਖੀ ਦਾ ਜ਼ਰੂਰੀ ਅੰਗ ਹੈ, ਪਰ ਇਹ ਤਾਂ ਹੀ ਸਫ਼ਲ ਕਹੀ ਜਾ ਸਕਦੀ ਹੈ ਜੇ ਸਿੱਖੀ ਦੇ ਸੁਨਹਿਰੀ ਸਿਧਾਂਤ ਜੀਵਨ ਵਿਚ ਅਪਣਾਏ ਜਾਣ।

ਕੁਝ ਗੁਰਦਵਾਰੇ ਅਤੇ ਡੇਰੇ ਪ੍ਰਮਾਣਤ ਸਿੱਖ ਰਹਿਤ ਮਰਿਆਦਾ ਨਾਲੋਂ ਵੱਖਰੀ ਮਰਿਆਦਾ ਦਾ ਪਾਲਨ ਕਰਦੇ ਹਨ। ਇਸ ਨਾਲ ਆਮ ਸਿੱਖਾਂ ਵਿਚ ਦੁਚਿੱਤੀ ਬਣਦੀ ਹੈ।

ਦੂਸਰੇ ਧਰਮਾਂ ਦੇ ਲੋਕਾਂ ਵਿੱਚ ਆਪਣੇ ਧਰਮ ਸਬੰਧੀ ਜਾਣਕਾਰੀ ਦੇਣ ਦਾ ਗੁਰਦੁਆਰੇ ਸੰਸਥਾ ਤੌਰ ਤੇ ਅਤੇ ਆਮ ਸਿੱਖ ਵਿਅਕਤੀਗਤ ਤੌਰ ਤੇ ਬਹੁਤ ਘੱਟ ਯਤਨ ਕਰਦੇ ਹਨ।

ਅਜੇਹੇ ਕਾਰਨਾਂ ਕਰਕੇ ਬਹੁਤ ਸਾਰੇ ਸਿੱਖ ਗੁਰਬਾਣੀ ਗਿਆਨ ਤੋਂ ਵਾਂਝੇ ਰਹਿ ਰਹੇ ਹਨ ਤੇ ਸਿੱਖੀ ਤੋਂ ਦੂਰ ਹੋ ਰਹੇ ਹਨ। ਵਿਚਾਰਣ ਯੋਗ ਹੈ ਕਿ ਸਿੱਖੀ ਖ਼ਤਰੇ ਵਿਚ ਹੈ ਜਾਂ ਇਸਦਾ ਭਵਿਖ ਚੜ੍ਹਦੀ ਕਲਾ ਵੱਲ ਵੱਧ ਰਿਹਾ ਹੈ।

## ਆਮ ਜੀਵਨ ਵਿਚੋਂ ਕੁਝ ਵਿਚਾਰ

**ਖੁਰਾਕ, ਪਾਣੀ, ਦਵਾਈ**: ਕੀ ਇਨ੍ਹਾਂ ਚੀਜ਼ਾਂ ਨੂੰ ਸਿਰਫ ਘਰ ਵਿਚ ਰਖਣ, ਵੇਖਣ, ਜਾਂ ਕਿਸੇ ਹੋਰ ਵਿਅਕਤੀ ਦੇ ਵਰਤਣ ਨਾਲ ਆਪ ਨੂੰ ਫਾਇਦਾ ਹੋ ਸਕਦਾ ਹੈ? ਭਾਈ ਗੁਰਦਾਸ ਜੀ ਦਾ ਕਥਨ ਹੈ (ਕਬਿੱਤ 437, **www.searchgurbani.com):**

**ਖਾਂਡ ਖਾਂਡ ਕਹੈ ਜਿਹਬਾ ਨ ਸ੍ਵਾਦੁ ਮੀਠੋ ਆਵੈ**
**ਅਗਨਿ ਅਗਨਿ ਕਹੈ ਸੀਤ ਨ ਬਿਨਾਸ ਹੈ।**
**ਬੈਦ ਬੈਦ ਕਹੈ ਰੋਗ ਮਿਟਤ ਨ ਕਾਹੂ ਕੋ**
**ਦਰਬ ਦਰਬ ਕਹੈ ਕੋਊ ਦਰਬਹਿ ਨ ਬਿਲਾਸ ਹੈ।**
**ਚੰਦਨ ਚੰਦਨ ਕਹਤ ਪ੍ਰਗਟੈ ਨ ਸੁਬਾਸੁ ਬਾਸੁ**
**ਚੰਦ੍ਰ ਚੰਦ੍ਰ ਕਹੈ ਉਜੀਆਰੋ ਨ ਪ੍ਰਗਾਸ ਹੈ।**
**ਤੈਸੇ ਗਿਆਨ ਗੋਸਟਿ ਕਹਤ ਨ ਰਹਤ ਪਾਵੈ**
**ਕਰਨੀ ਪ੍ਰਧਾਨ ਭਾਨ ਉਦਤਿ ਅਕਾਸ ਹੈ॥437॥**

ਇਸੇ ਤਰਾਂ ਗੁਰਬਾਣੀ ਨੂੰ ਸਮਝ ਕੇ ਅਤੇ ਉਸ ਉਤੇ ਅਮਲ ਕਰਕੇ ਹੀ ਸਾਡਾ ਜੀਵਨ ਸਫ਼ਲ ਹੋ ਸਕਦਾ ਹੈ।

**ਵਿਦਿਆਰਥੀ:** ਕੀ ਸਕੂਲ ਜਾਂ ਕਾਲਜ ਵਿਚ ਵਿਦਿਆਰਥੀ ਸਿਖਣ ਲਈ ਨਹੀਂ ਸਗੋਂ ਖਾਣ ਪੀਣ, ਗੱਲਾਂ ਕਰਨ ਅਤੇ ਜੇਕਰ ਕੁਝ ਸਮਝ ਪਵੇ ਤਾਂ ਉਸੇ ਵੇਲੇ ਭੁਲ ਜਾਣ ਲਈ ਜਾਂਦੇ ਹਨ? ਜੇ ਕੋਈ ਅਧਿਆਪਕ ਪੈਸੇ (ਭੇਟਾ ਵਾਂਗ) ਲੈ ਕੇ ਸੁਆਲਾਂ ਦੇ ਉੱਤਰ ਬੋਲ ਦੇਵੇ (ਅਰਦਾਸ ਵਾਂਗ) ਤਾਂ ਕੀ ਵਿਦਿਆਰਥੀ ਇਮਤਿਹਾਨ ਵਿਚੋਂ ਪਾਸ ਕਰ ਦਿਤਾ ਜਾਂਦਾ ਹੈ, ਜਾਂ ਕਿਸੇ ਕੰਮ ਵਿੱਚ ਸਫ਼ਲ ਹੋ ਸਕਦਾ ਹੈ? ਕੀ ਕੋਈ ਵਿਦਵਾਨ ਪ੍ਰੋਫੈਸਰ ਖਾਸ ਵਿਧੀ ਨਾਲ ਸੁਆਲਾਂ ਦੇ ਉਤਰ ਬੋਲੇ (ਅਰਦਾਸ ਕਰਨ ਵਾਂਗ) ਤਾਂ ਵਿਦਿਆਰਥੀ ਨੂੰ ਜ਼ਿਆਦਾ ਨੰਬਰ ਮਿਲਦੇ ਹਨ? ਅਜੇਹੀਆਂ ਚੀਜ਼ਾਂ ਕਰਨ ਵਾਲੀ ਵਿਦਿਅਕ ਸੰਸਥਾ ਬਾਰੇ ਤੁਸੀਂ ਕੀ ਸੋਚੋਗੇ, ਤੇ ਕੀ ਆਪਣੇ ਬੱਚੇ ਨੂੰ ਉਥੇ ਪੜਨ ਲਈ ਭੇਜੋਗੇ?

ਵਿਦਿਆਰਥੀ ਅਧਿਆਪਕ ਦੇ ਸਬਕ ਵਲ ਧਿਆਨ ਨਾ ਦੇਵੇ ਤਾਂ ਸਜ਼ਾ ਮਿਲਦੀ ਹੈ ਤੇ ਇਮਤਿਹਾਨ ਵਿਚ ਠੀਕ ਜਵਾਬ ਨਾ ਦੇਣ ਕਾਰਨ ਫ਼ੇਲ ਹੋ ਜਾਈਦਾ ਹੈ। ਫਿਰ ਗੁਰਬਾਣੀ ਦੀ ਸਿਖਿਆ ਵਲ ਧਿਆਨ ਨਾ ਦੇ ਕੇ ਵਾਹਿਗੁਰੂ ਦੀ ਨਜ਼ਰ ਵਿਚ ਅਸੀਂ ਕਿਵੇਂ ਪ੍ਰਵਾਨ ਹੋਣ ਜਾਂ ਅਰਦਾਸ ਪੂਰੀ ਹੋਣ ਦੀ ਉਮੀਦ ਰਖ ਸਕਦੇ ਹਾਂ?

ਸੋਚੋ, ਬਿਨਾਂ ਕੁਝ ਸਿੱਖੇ ਸਮਝੇ ਗੁਰਦੁਆਰਿਆਂ ਵਿੱਚ ਗ੍ਰੰਥੀ ਸਾਹਿਬ, ਸੇਵਾਦਾਰ, ਪ੍ਰਚਾਰਕ ਜਾਂ ਕਿਸੇ ਖਾਸ ਸਮਝੇ ਜਾਂਦੇ ਵਿਅਕਤੀ (ਸੰਤ, ਬਾਬਾ, ਬ੍ਰਹਮ ਗਿਆਨੀ, ਡੇਰਾਦਾਰ) ਵਲੋਂ ਪਾਠ ਤੇ ਅਰਦਾਸ ਕਰਨ ਨਾਲ ਆਪ ਨੂੰ ਗੁਰਬਾਣੀ ਦੀ ਸਮਝ ਆ ਜਾਵੇਗੀ ਅਤੇ ਵਾਹਿਗੁਰੂ ਵਲੋਂ ਸਭ ਕੰਮ ਸਵਾਰ ਦਿਤੇ ਜਾਣਗੇ? ਜੇਕਰ ਨਹੀਂ ਤਾਂ ਤੁਸੀਂ ਉਥੇ ਕੀ ਕਰਨ ਜਾਵੋਗੇ? ਕੀ ਇਹ ਸੋਚਕੇ ਕੁਝ ਸਿੱਖ, ਖਾਸ ਕਰਕੇ ਨੌਜਵਾਨ, ਗੁਰਦੁਆਰੇ ਤੇ ਸਿੱਖੀ ਤੋਂ ਦੂਰ ਤਾਂ ਨਹੀਂ ਹੋ ਰਹੇ?

**ਕਿਤਾਬਾਂ ਦੀ ਸੰਭਾਲ:** ਕਿਤਾਬਾਂ ਲਈ ਵੱਡਾ ਸਾਰਾ ਕਮਰਾ ਕੀਮਤੀ ਸਮਾਨ ਵਰਤ ਕੇ ਬਣਾਇਆ ਹੋਵੇ। ਵੱਡਾ ਪਲੰਘ ਬਣਵਾ ਕੇ ਉਸ ਉਪਰ ਕੀਮਤੀ ਗਦੇਲੇ ਵਿਛਾ ਕੇ ਸੁਹਣੇ ਕਪੜਿਆਂ ਵਿਚ ਲਪੇਟ ਕੇ ਹਰ ਰੋਜ਼ ਸਨਮਾਨ ਨਾਲ ਕਿਤਾਬਾਂ ਅੱਗੇ ਮੱਥਾ ਟੇਕਿਆ ਜਾਵੇ ਤੇ ਆਦਰ ਨਾਲ ਅਰਦਾਸ ਕੀਤੀ ਜਾਵੇ। ਮਨ ਚਾਹੇ ਤਾਂ ਕਿਤਾਬਾਂ ਨੂੰ ਕੱਪੜਾ ਹਟਾ ਕੇ ਜਾਂ ਖ੍ਹੋਲ ਕੇ ਵੇਖ ਲਿਆ ਜਾਵੇ, ਪਰ ਪੜ੍ਹਿਆ ਨਾ ਜਾਵੇ ਕਿਉਂਕਿ ਪੜ੍ਹਨ ਵੇਲੇ ਗਲਤੀਆਂ ਹੋ ਸਕਦੀਆਂ ਹਨ!

ਕੀ ਇਹ ਸਾਰਾ ਕੁਝ ਕਰਨ ਨਾਲ ਸਾਨੂੰ ਕਿਤਾਬਾਂ ਵਿਚਲੀ ਸਿਖਿਆ ਮਿਲ ਜਾਵੇਗੀ, ਇਮਤਿਹਾਨ ਵਿਚ ਚੰਗੇ ਨੰਬਰ ਮਿਲ ਸਕਣਗੇ, ਜਾਂ ਸਾਡਾ ਜੀਵਨ ਸੁਧਰ ਜਾਵੇਗਾ? ਜੇਕਰ ਇਹ ਸੰਭਵ ਨਹੀਂ ਲਗਦਾ ਤਾਂ ਗੁਰਦੁਆਰੇ ਵਿਚ ਇਹੋ ਕੁਝ ਕਰਕੇ ਗੁਰਬਾਣੀ ਗਿਆਨ ਦਾ ਲਾਹਾ ਮਿਲਣ ਤੇ ਪ੍ਰਭੂ-ਕ੍ਰਿਪਾ ਦੀ ਉਮੀਦ ਰਖਣੀ ਕੀ ਠੀਕ ਸੋਚ ਹੈ?

**ਸਮਾਜਕ ਸਾਂਝ:** ਕੀ ਆਮ ਜੀਵਨ ਵਿਚ ਕਿਸੇ ਰਿਸ਼ਤੇਦਾਰ ਜਾਂ ਮਿਤਰ ਨੂੰ ਸਿਰਫ ਉਸਦੇ ਘਰ ਜਾ ਕੇ ਫਤਿਹ ਬੁਲਾ ਕੇ ਵਾਪਸ ਆ ਜਾਣ ਨਾਲ ਸਮਾਝਕ ਸਾਂਝ ਦਾ ਮੰਤਵ ਸੰਪੂਰਨ ਸਮਝਿਆ ਜਾਂਦਾ ਹੈ? ਸਗੋਂ ਆਪਸੀ ਵਿਚਾਰ ਵਟਾਂਦਰਾ ਕਰਨਾ ਜ਼ਰੂਰੀ ਸਮਝਿਆ ਜਾਂਦਾ ਹੈ। ਤਾਂ ਕੀ ਗੁਰੂ ਗ੍ਰੰਥ ਸਾਹਿਬ ਅਗੇ ਸਿਰਫ ਮੱਥਾ ਟੇਕ ਕੇ ਜਾਂ ਕਿਸੇ ਭੌਤਿਕ ਸੇਵਾ ਨਾਲ ਗੁਰਬਾਣੀ ਦੀ ਸਿਖਿਆ ਨਾਲ ਸਾਂਝ ਪੈ ਸਕਦੀ ਹੈ?

**ਨਿਯਮਾਂ ਨੂੰ ਸਮਝ ਕੇ ਜੀਵਨ ਵਿਚ ਵਰਤਣ ਦਾ ਸੰਕਲਪ:** ਹਰ ਕੰਮ ਕਰਨ ਲਈ ਪਹਿਲਾਂ ਪਰਿਵਾਰ, ਸਕੂਲ/ਕਾਲਜ ਜਾਂ ਕਿਸੇ ਪਹਿਲਾਂ ਸਿਖੇ ਹੋਏ ਵਿਅਕਤੀ ਕੋਲੋਂ ਨਿਯਮਾਂ ਦੇ ਆਧਾਰ ਤੇ ਸਿੱਖ ਕੇ ਹੀ ਗਿਆਨ ਨੂੰ ਜੀਵਨ ਵਿਚ ਵਰਤਿਆ ਜਾ ਸਕਦਾ ਹੈ।

## ਸਾਰਅੰਸ਼

ਸੋਚਣ ਤੇ ਸਵੈ-ਪੜਚੋਲ ਦੀ ਲੋੜ ਹੈ ਕਿ ਸਾਡਾ ਗੁਰਦੁਆਰੇ ਜਾਣ ਦਾ ਅਸਲ ਮੰਤਵ ਕੀ ਹੈ, ਅਤੇ ਕੀ ਬਿਨਾ ਮਿਹਨਤ ਕੀਤੇ, ਚੰਗੀ ਤਰ੍ਹਾਂ ਸਿੱਖੇ ਤੇ ਬਿਨਾਂ ਅਭਿਆਸ ਕੀਤੇ ਅਧਿਆਤਮਕ ਗਿਆਨ ਮਿਲ ਸਕਦੈ? ਵਾਹਿਗੁਰੂ ਦੀ ਨਜ਼ਰ ਵਿਚ ਪ੍ਰਵਾਨ ਹੋਣ ਲਈ ਗੁਰਦੁਆਰੇ ਜਾ ਕੇ ਸੰਗਤ ਕਰਨੀ ਤੇ ਗੁਰਬਾਣੀ ਤੋਂ ਸਿਖਿਆ ਲੈ ਕੇ ਆਪਣਾ ਜੀਵਨ ਸੁਧਾਰਨਾ ਜ਼ਰੂਰੀ ਹੈ। ਗੁਰਬਾਣੀ ਦੇ ਗਿਆਨ ਤੋਂ ਸਖਣੇ ਰਹਿ ਕੇ ਗੁਰੂ ਗ੍ਰੰਥ ਸਾਹਿਬ ਨੂੰ ਨਿਰਜੀਵ ਬੁੱਤ ਵਾਂਗ ਪੂਜਣਾ, ਅਤੇ ਨਿਰੋਲ ਸੰਸਾਰਕ ਲੋੜਾਂ (ਜਨਮ, ਵਿਆਹ, ਮਰਗ, ਗ੍ਰਹਿ ਪਵ੍ਰੇਸ਼, ਸੁਖਣਾ ਸੁਖਣੀਆਂ, ਆਦਿ) ਜਾਂ ਰਸਮ ਰਿਵਾਜ ਪੂਰੇ ਕਰਨ ਲਈ ਵਰਤਣਾ, ਮਨਮਤ ਤੇ ਭਰਮ ਪਾਲਣ ਤੋਂ ਸਿਵਾ ਹੋਰ ਕੁਝ ਨਹੀਂ।

**ਸਭ ਕਿਛੁ ਘਰ ਮਹਿ ਬਾਹਰਿ ਨਾਹੀ॥**
**ਬਾਹਰਿ ਟੋਲੈ ਸੋ ਭਰਮਿ ਭੁਲਾਹੀ॥**
(ਗੁਰੂ ਗ੍ਰੰਥ ਸਾਹਿਬ, ਅੰਗ 102)

*(ਇਸ ਲੜੀ ਵਿੱਚ ਗੁਰਦੁਆਰਾ-ਸਿਧਾਂਤ ਦੀ ਪੂਰਤੀ ਲਈ ਸੁਝਾ ਅਗਲੇ ਅੰਕਾਂ ਵਿੱਚ ਪੜ੍ਹੋ ਜੀ)*

# ਕੈਂਸਰ ਲਈ ਦੇਸੀ ਦਵਾਈਆਂ ਕਿੰਨੀਆਂ ਅਸਰਦਾਰ?

ਡਾ. ਹਰਸ਼ਿੰਦਰ ਕੌਰ,ਐੱਮ.ਡੀ., ਪਟਿਆਲਾ (ਭਾਰਤ) 0175-2216783

ਅਮਰੀਕਾ ਦੇ ਨੈਸ਼ਨਲ ਇੰਸਟੀਚਿਊਟ ਔਫ਼ ਹੈਲਥ ਨੇ ਸਰਵੇਖਣ ਕਰ ਕੇ ਦਸਿਆ ਹੈ ਕਿ ਲਗਭਗ 40% ਕੈਂਸਰ ਦੇ ਮਰੀਜ਼ ਪਿਛਲੇ 10 ਸਾਲਾਂ ਵਿਚ ਜੜੀਆਂ ਬੂਟੀਆਂ ਜਾਂ ਕੋਈ ਹੋਰ ਦੇਸੀ ਦਵਾਈਆਂ ਵੀ ਨਾਲ ਖਾਣ ਲਗ ਪਏ ਸਨ। ਇਨ੍ਹਾਂ ਵਿਚ ਵਧ ਪੜ੍ਹੇ ਲਿਖੇ, ਅਮੀਰ ਅਤੇ ਇੰਟਰਨੈੱਟ ਨੂੰ ਆਧਾਰ ਮੰਨਣ ਵਾਲੇ ਮਰੀਜ਼ ਸਨ। ਬਹੁਤੇ ਤਾਂ ਸਰਜਰੀ, ਕੀਮੋਥੈਰਪੀ, ਰੇਡੀਓਥੈਰਪੀ ਦੇ ਨਾਲ ਹੀ ਹੋਰ ਨੁਸਖ਼ੇ ਵਰਤਣ ਲਗ ਪਏ ਸਨ ਤੇ ਕੁਝ ਇਲਾਜ ਪੂਰਾ ਹੋਣ ਬਾਅਦ ਦੇਸੀ ਦਵਾਈਆਂ ਲੈਣ ਲਗ ਪਏ ਸਨ।

ਸਾਲ 2019 ਦੇ ਸਰਵੇਖਣ ਅਨੁਸਾਰ 83% ਕੈਂਸਰ ਦੇ ਮਰੀਜ਼ਾਂ ਨੇ ਅਮਰੀਕਾ ਵਿਚ ਦੇਸੀ ਜਾਂ ਕੋਈ ਹੋਰ ਜੜ੍ਹੀ ਬੂਟੀ ਐਲੋਪੈਥੀ ਇਲਾਜ ਦੇ ਨਾਲ ਹੀ ਸ਼ੁਰੂ ਕਰ ਲਈ। ਯੇਲ ਕੈਂਸਰ ਸੈਂਟਰ ਨੇ ਦੱਸਿਆ ਕਿ ਜਿਹੜੇ ਕੈਂਸਰ ਦੇ ਮਰੀਜ਼ਾਂ ਨੇ ਪਹਿਲਾਂ ਦੇਸੀ ਟੋਟਕੇ ਅਜ਼ਮਾਏ, ਉਨ੍ਹਾਂ ਵਿਚ ਮੌਤ ਦਰ ਕਾਫੀ ਵਧੀ ਤੇ ਉਹ ਵਕਤ ਤੋਂ ਪਹਿਲਾਂ ਹੀ ਕੂਚ ਕਰ ਗਏ। ਜਿਨ੍ਹਾਂ ਨੇ ਕੈਂਸਰ ਦੀਆਂ ਦਵਾਈਆਂ ਖਾਣ ਦੇ ਨਾਲੋ ਦੇਸੀ ਦਵਾਈਆਂ ਵਰਤੀਆਂ, ਉਨ੍ਹਾਂ ਵਿਚੋਂ ਬਥੇਰਿਆਂ ਨੂੰ ਇਨ੍ਹਾਂ ਦਵਾਈਆਂ ਦਾ ਤਗੜਾ ਮਾੜਾ ਅਸਰ ਹੋਇਆ ਕਿਉਂਕਿ ਦੇਸੀ ਦਵਾਈਆਂ ਦਾ ਕੈਂਸਰ ਦੀਆਂ ਦਵਾਈਆਂ ਨਾਲ ਸਰੀਰ ਅੰਦਰ ਟਕਰਾਓ ਹੋਣ ਲਗ ਪਿਆ ਸੀ ਤੇ ਉਲਟ ਅਸਰ ਹੁੰਦੇ ਲਭੇ। **ਇਹ ਅਸਰ ਕਿਹੜੇ ਸਨ ?**

1). **ਕੈਂਸਰ ਦੀਆਂ ਦਵਾਈਆਂ ਦੇ ਅਸਰ ਘਟਦੇ ਹਨ।** ਸਰੀਰ ਦੇ ਹਜ਼ਮ ਕਰਨ ਦੇ ਰਸਾਂ ਨਾਲ ਛੇੜਛਾੜ ਅਤੇ ਅਸਰ ਕਰਨ ਵਾਲੀ ਥਾਂ ਉੱਤੇ ਪਏ ਸੈੱਲਾਂ ਨੂੰ ਸਖ਼ਤ ਜਾਨ ਬਣਾ ਦੇਣਾ, ਦੇਸੀ ਦਵਾਈਆਂ ਨਾਲ ਵੇਖਿਆ ਗਿਆ। ਕੈਂਸਰ ਦੀਆਂ ਦਵਾਈਆਂ ਦੇ ਅਸਰ ਨੂੰ ਸਹੀ ਕਰਨ ਵਿਚ ਸੀ.ਵਾਈ.ਪੀ. 3ਏ.4 ਰਸ ਦਾ ਅਹਿਮ ਰੋਲ ਹੁੰਦਾ ਹੈ ਜੋ ਕਈ ਕਿਸਮਾਂ ਦੀਆਂ ਦੇਸੀ ਦਵਾਈਆਂ ਨਸ਼ਟ ਕਰ ਦਿੰਦੀਆਂ ਹਨ।ਬਹੁਤ ਸਾਰੀਆਂ ਕੈਂਸਰ ਦੀਆਂ ਦਵਾਈਆਂ ਜਿਵੇਂ ਸਾਈਕਲੋਫਾਸਫਾਮਾਈਡ, ਪੈਕਲੀਟੈਕਸਲ, ਵਿਨਕਰਿਸਟੀਨ, ਵਿਨਬਲਾਸਟੀਨ ਆਦਿ ਸੀ.ਵਾਈ.ਪੀ. 3ਏ.4 ਰਸ ਰਾਹੀਂ ਹੀ ਅਸਰ ਵਿਖਾਉਂਦੀਆਂ ਹਨ। ਇੰਜ ਹੀ ਪੀੜ ਨੂੰ ਆਰਾਮ ਦੇਣ ਵਾਲੀਆਂ ਓਪਿਆਇਡ ਦਵਾਈਆਂ ਦਾ ਵੀ ਅਸਰ ਘਟ ਹੋ ਜਾਂਦਾ ਹੈ। ਇਸ ਸਦਕਾ ਮਰੀਜ਼ ਲਈ ਪੀੜ ਨੂੰ ਜਰਨਾ ਔਖਾ ਹੋ ਜਾਂਦਾ ਹੈ।



ਛਾਤੀ ਦੇ ਕੈਂਸਰ ਲਈ ਵਰਤੀਆਂ ਜਾਂਦੀਆਂ ਦਵਾਈਆਂ ਦਾ ਅਸਰ ਵੀ ਦੇਸੀ ਇਲਾਜ ਨਾਲ ਘਟ ਹੋ ਜਾਂਦਾ ਹੈ।

ਦਵਾਈਆਂ ਦਾ ਅਸਰ ਜਿਗਰ ਰਾਹੀਂ ਹੁੰਦਾ ਹੈ। ਜਿਗਰ ਦੇ ਕੰਮ ਵਿਚ ਰੋਕਾ ਪੈਣ ਨਾਲ ਜਾਂ ਉਸ ਦੇ ਲੋੜੋਂ ਵਧ ਕੰਮ ਕਰਦੇ ਰਹਿਣ ਨਾਲ ਕੈਂਸਰ ਦੀਆਂ ਅਸਲ ਦਵਾਈਆਂ ਦਾ ਅਸਰ ਪੂਰਾ ਹੁੰਦਾ ਹੀ ਨਹੀਂ। ਇਸ ਤਰ੍ਹਾਂ ਵਧਦੀਆਂ ਮੌਤਾਂ ਨੂੰ ਵੇਖਦਿਆਂ ਸਲੋਨ ਕੇਟਰਿੰਗ ਮੈਮੋਰੀਅਲ ਕੈਂਸਰ ਸੈਂਟਰ ਨੇ ਲੋਕਾਂ ਲਈ ਆਪਣੀ ਵੈਬਸਾਈਟ ਰਾਹੀਂ ਜਾਣਕਾਰੀ ਜਗ ਜ਼ਾਹਿਰ ਕਰ ਦਿਤੀ ਕਿ ਕਿਵੇਂ ਕੁਝ ਦੇਸੀ ਦਵਾਈਆਂ ਤਾਂ ਸਗੋਂ ਕੈਂਸਰ ਦੇ ਮਰੀਜ਼ ਨੂੰ ਛੇਤੀ ਮੌਤ ਦੇ ਮੂੰਹ ਵਲ ਲੈ ਜਾਂਦੀਆਂ ਹਨ। ਉਨ੍ਹਾਂ ਕੈਂਸਰ ਦੀਆਂ ਦਵਾਈਆਂ ਦੇ ਅਸਰ ਕਰਨ ਦਾ ਢੰਗ ਅਤੇ ਦੇਸੀ ਦਵਾਈਆਂ ਵਲੋਂ ਉਸ ਵਿਚ ਛੇੜਛਾੜ ਕਰਨ ਦਾ ਸਪਸ਼ਟ ਅਸਰ ਵੀ ਸਮਝਾਇਆ ਹੈ। ਉਨ੍ਹਾਂ ਦੇਸੀ ਦਵਾਈਆਂ ਦੇ ਨਾਂ ਵੀ ਦਿਤੇ ਜਿਨ੍ਹਾਂ ਨੂੰ ਨਹੀਂ ਵਰਤਣਾ ਚਾਹੀਦਾ।

2). **ਕਿਹੜੀਆਂ ਹੋਰ ਦਵਾਈਆਂ ਨਾ ਵਰਤੀਆਂ ਜਾਣ?** ਕੁਝ ਕੇਸ ਅਜਿਹੇ ਸਾਹਮਣੇ ਆਏ ਜਿਨ੍ਹਾਂ ਵਿਚ ਦੇਸੀ ਦਵਾਈਆਂ ਸਦਕਾ ਕੈਂਸਰ ਫੈਲਿਆ, ਜਿਗਰ ਦਾ ਨੁਕਸਾਨ ਹੋਇਆ ਤੇ ਮੌਤ ਵੀ ਛੇਤੀ ਹੋ ਗਈ। ਕੁਝ ਵਿਚ ਸੇਂਟ ਜਾਨ ਵੌਰਟ, ਕੈਲਸ਼ੀਅਮ, ਮੈਗਨੀਸ਼ੀਅਮ, ਆਇਰਨ ਤੇ ਜ਼ਿੰਕੋ ਬਿਲੋਬਾ ਵਰਗੀਆਂ ਦਵਾਈਆਂ ਨਾਲ ਕੈਂਸਰ ਦੀਆਂ ਦਵਾਈਆਂ ਦਾ ਅਸਰ ਘਟਿਆ ਜੋ 'ਹਰਬ-ਕੈਂਸਰ ਡਰਗ ਇੰਟਰਐਕਸ਼ਨ' ਖੋਜ ਪਤਰ ਵਿਚ ਛਾਪਿਆ। ਇਹ ਆਮ ਜਾਪਦੀਆਂ ਦਵਾਈਆਂ ਨੁਕਸਾਨ ਪਹੁੰਚਾਂਦੀਆਂ ਹਨ।

ਸੇਂਟ ਜਾਨ ਵੌਰਟ ਹਰਬਲ ਮੈਡੀਸਨ ਭਾਵੇਂ ਬੂਟਿਆਂ ਤੋਂ ਬਣੀ ਦਵਾਈ ਹੈ ਜਿਵੇਂ ਜਿਨਸੈਂਗ ਜਾਂ ਜ਼ਿੰਕੋ ਬਿਲੋਬਾ ਜਾਂ ਕੈਕਟਸ ਦਾ ਫਲ, ਪਰ ਇਹ ਕੁਝ ਕਿਸਮਾਂ ਦੇ ਕੈਂਸਰ ਦੀਆਂ ਦਵਾਈਆਂ ਦਾ ਅਸਰ 50 ਫੀਸਦੀ ਤਕ ਘਟਾ ਦਿੰਦੀਆਂ ਹਨ ਕਿਉਂਕਿ ਇਹ ਕੈਂਸਰ ਦੀਆਂ ਦਵਾਈਆਂ ਨੂੰ ਛੇਤੀ ਸਰੀਰ ਵਿਚੋਂ ਬਾਹਰ ਕਢ ਦਿੰਦੀਆਂ ਹਨ। ਇਕ ਕੈਂਸਰ ਦੀ ਦਵਾਈ 'ਇਮੈਟੀਨਿਬ' ਨਾਲ ਜਦੋਂ ਹਰਬਲ ਦਵਾਈ ਸੇਂਟ ਜਾਨ ਵੌਰਟ ਦਿਤੀ ਗਈ ਤਾਂ ਮਰੀਜ਼ਾਂ ਦੇ ਸਰੀਰ ਅੰਦਰ ਦੋ ਹਫ਼ਤਿਆਂ ਵਿਚ ਇਮੈਟੀਨਿਬ ਦਾ ਅਸਰ 42 ਫੀਸਦੀ ਤਕ ਘਟਿਆ। ਚਕੋਧਰੇ ਦਾ ਰਸ ਕੈਂਸਰ ਦੀਆਂ ਦਵਾਈਆਂ ਦੇ ਨਾਲ ਦੇਣ ਨਾਲ ਇਨ੍ਹਾਂ ਦਵਾਈਆਂ ਦਾ ਅਸਰ 32 ਤੋਂ 42 ਫੀਸਦੀ ਘਟਿਆ। ਚਕੋਧਰਾ ਕਈ ਤਰ੍ਹਾਂ ਦੀਆਂ ਕੈਂਸਰ ਦੀਆਂ ਦਵਾਈਆਂ ਨੂੰ ਹਜ਼ਮ ਹੀ ਨਹੀਂ ਹੋਣ ਦਿੰਦਾ ਤੇ ਫਟਾਫਟ ਉਨ੍ਹਾਂ ਨੂੰ ਸਰੀਰ ਵਿਚੋਂ ਬਾਹਰ ਕਢ ਦਿੰਦਾ ਹੈ। ਬਹੁਤ ਵਧੇ ਹੋਏ ਔਰਤਾਂ ਦੇ ਛਾਤੀ ਦੇ ਕੈਂਸਰ ਦੀਆਂ ਦਵਾਈਆਂ ਦੇ ਨਾਲੋ ਨਾਲ ਥੋਮ (ਲਸਣ) ਖੁਆਉਣ ਨਾਲ ਡੌਸੀਟੈਕਸਿਲ ਕੈਂਸਰ ਦੀ ਦਵਾਈ ਦੀ ਮਾਤਰਾ ਲਹੂ ਵਿਚ 35 ਫੀਸਦੀ ਘਟੀ। ਇੰਜ ਹੀ ਅਦਰਕ ਦੇਣ ਨਾਲ ਕੈਂਸਰ ਦੇ ਅਪਰੇਸ਼ਨ ਬਾਅਦ ਲਹੂ ਬਹੁਤੀ ਦੇਰ ਤਕ ਵਗਦਾ ਹੋਇਆ ਲਭਿਆ।

3). **ਕਿਹੜੇ ਮਸਾਲੇ ਜਾਂ ਬੀਜ ਵੀ ਠੀਕ ਨਹੀਂ?** ਐਲਫਾਲਫਾ, ਚੇਸਟ ਬੈਰੀ, ਲੌਂਗ, ਸੋਇਆਬੀਨ, ਫਲੈਕਸ ਬੀਜ ਆਦਿ ਨੂੰ ਛਾਤੀ ਅਤੇ ਬੱਚੇਦਾਨੀ ਦੇ ਕੈਂਸਰ ਵਿਚ ਇਲਾਜ ਦੌਰਾਨ ਨਹੀਂ ਦੇਣਾ ਚਾਹੀਦਾ। ਸੋਇਆਬੀਨ ਵਿਚਲਾ 'ਜੈਨੀਸਟੀਨ' ਤਾਂ ਕਈ ਵਾਰ 'ਟੈਮੋਕਸੀਫੈਨ' ਕੈਂਸਰ ਦੀ ਦਵਾਈ ਦਾ ਅਸਰ ਘਟਾ ਕੇ ਸਗੋਂ ਛਾਤੀ ਦੇ ਕੈਂਸਰ ਦੇ ਸੈੱਲਾਂ ਦੇ ਵਧਣ ਵਿਚ ਤੇਜ਼ੀ ਲਿਆਂਦਾ ਹੈ।ਕੁਝ ਹਾਰਮੋਨਾਂ ਉੱਤੇ ਪਲਦੇ ਕੈਂਸਰ ਵੀ ਦੇਸੀ ਨੁਸਖ਼ਿਆਂ ਨਾਲ ਵਧ ਫੈਲਦੇ ਹਨ ਕਿਉਂਕਿ ਉਨ੍ਹਾਂ ਵਿਚ ਕੁਦਰਤੀ ਹਾਰਮੋਨ ਹੁੰਦੇ ਹਨ। ਕੁਝ ਟੋਟਕਿਆਂ ਨਾਲ ਲਹੂ ਵਗਣਾ ਵਧ ਹੋ ਜਾਂਦਾ ਹੈ। ਕੁਝ ਵਿਟਾਮਿਨ ਵੀ ਕੈਂਸਰ ਦੀਆਂ ਦਵਾਈਆਂ ਨੂੰ ਹਜ਼ਮ ਕਰਨ ਵਾਲੀ ਥਾਂ ਨੂੰ ਆਪ ਮਲ ਕੇ ਬਹਿ ਜਾਂਦੇ ਹਨ ਜਾਂ ਕੈਂਸਰ ਦੇ ਸੈੱਲਾਂ ਨੂੰ ਤਗੜੇ ਕਰ ਦਿੰਦੇ ਹਨ। ਰੇਡੀਓਥੈਰਪੀ ਤੋਂ ਪਹਿਲਾਂ ਜਿਨ੍ਹਾਂ ਮਰੀਜ਼ਾਂ ਨੂੰ ਇਕ ਖ਼ੁਰਾਕ ਵਿਟਾਮਿਨ **ਈ** ਅਤੇ **ਸੀ** ਦੀ ਦਿਤੀ ਗਈ, ਉਨ੍ਹਾਂ ਦੇ ਕੈਂਸਰ ਸੈੱਲਾਂ ਉੱਤੇ ਕਿਰਨਾਂ ਦਾ ਪੂਰਾ ਅਸਰ ਨਹੀਂ ਪਿਆ। ਕਈ ਮਰੀਜ਼ਾਂ ਵਿਚ ਐਂਟੀਆਕਸੀਡੈਂਟ ਦਵਾਈਆਂ ਦੇਣ ਨਾਲ ਸਗੋਂ ਕੈਂਸਰ ਦੇ ਸੈੱਲ ਵਧ ਪ੍ਰਫੁਲਿਤ ਹੋਏ।

4). **ਕਿਹੜੇ ਕੁਦਰਤੀ ਤੱਤ ਫ਼ਾਇਦੇਮੰਦ ਸਾਬਤ ਹੋਏ?** ਅਮਰੀਕਾ ਅਤੇ ਚੀਨ ਵਿਚ ਛਾਤੀ ਦੇ ਕੈਂਸਰ ਵਾਲੀਆਂ ਹਜ਼ਾਰਾਂ ਔਰਤਾਂ ਉੱਤੇ ਇਕ ਖੋਜ ਰਾਹੀਂ ਇਹ ਨੁਕਤਾ ਸਾਹਮਣੇ ਆਇਆ ਕਿ ਹਰ ਕੁਦਰਤੀ ਚੀਜ਼ ਮਾੜੀ ਨਹੀਂ ਹੁੰਦੀ। ਸੋਇਆਬੀਨ ਨਾਲ ਭਾਵੇਂ ਮੌਤ ਦਰ ਨਹੀਂ ਘਟੀ ਪਰ ਇਸ ਦੇ ਖਾਣ ਨਾਲ ਛਾਤੀ ਦੇ ਕੈਂਸਰ ਦੇ ਸੈੱਲ ਦੁਬਾਰਾ ਨਹੀਂ ਹੋਏ ਤੇ ਦੂਜੀ ਵਾਰ ਕੈਂਸਰ ਹੋਣ ਦੇ ਆਸਾਰ ਬਹੁਤ ਘਟ ਗਏ। ਐਂਥਰਾਸਾਈਕਲਿਨ ਐਂਟੀਆਕਸੀਡੈਂਟ ਵੀ ਕੁਝ ਕੈਂਸਰ ਦੀਆਂ ਦਵਾਈਆਂ ਦੇ ਮਾੜੇ ਅਸਰਾਂ ਨੂੰ ਘਟਾਉਣ ਵਿਚ ਸਹਾਈ ਹੋਏ ਲਭੇ। ਡਾ. ਵਾਸਰਥੀਲ ਨੇ ਜਦੋਂ ਕੁਝ ਫੈਲੇ ਹੋਏ ਛਾਤੀ ਦੇ ਕੈਂਸਰ ਦੇ ਮਰੀਜ਼ਾਂ ਨੂੰ ਮਿਨਰਲ ਤੱਤ ਤੇ ਵਿਟਾਮਿਨ ਸਹੀ ਮਿਕਦਾਰ ਵਿਚ ਖੁਆਏ ਤਾਂ ਉਨ੍ਹਾਂ ਨੂੰ ਆਪਣੇ ਮਰੀਜ਼ਾਂ ਵਿਚ ਮੌਤ ਦਰ ਘਟ ਹੁੰਦੀ ਦਿਸੀ।

5). **ਮੌਜੂਦਾ ਸਥਿਤੀ ਕੀ ਹੈ ?** ਦਿਨੋ-ਦਿਨ ਕੁਦਰਤੀ ਖ਼ੁਰਾਕ ਜਾਂ ਦੇਸੀ ਨੁਸਖ਼ਿਆਂ ਅਤੇ ਆਯੁਰਵੈਦਿਕ ਦਵਾਈਆਂ ਦਾ ਸੇਵਨ ਵਧ ਰਿਹਾ ਹੈ। ਅਮਰੀਕਾ ਦੀ ਨੈਸ਼ਨਲ ਯੂਨੀਵਰਸਿਟੀ ਔਫ਼ ਨੈਚੂਰਲ ਮੈਡੀਸਨ ਪਿਛਲੇ 50 ਸਾਲਾਂ ਤੋਂ ਕੁਦਰਤੀ ਚੀਜ਼ਾਂ ਦੀ ਵਰਤੋਂ ਤੇ ਖੋਜਾਂ ਕਰ ਚੁਕੀ ਹੈ। ਨੈਚੂਰੋਪੈਥੀ ਨੇ ਸਪਸ਼ਟ ਕੀਤਾ ਕਿ ਕੈਂਸਰ ਦੇ ਇਲਾਜ ਦੌਰਾਨ ਨਹੀਂ ਪਰ ਬਾਅਦ ਵਿਚ ਜ਼ਰੂਰ ਕੁਦਰਤੀ ਖ਼ੁਰਾਕ ਉੱਤੇ ਜ਼ੋਰ ਪਾਉਣਾ ਚਾਹੀਦਾ ਹੈ। ਜੇ ਪਹਿਲਾਂ ਤੋਂ ਹੀ ਸਹੀ ਸੰਤੁਲਿਤ ਖ਼ੁਰਾਕ ਖਾਂਦੇ ਰਹੋ ਅਤੇ ਰੈਗੂਲਰ ਕਸਰਤ ਕਰਦੇ ਰਹੋ ਤਾਂ ਕੈਂਸਰ ਵਰਗੀ ਨਾਮੁਰਾਦ ਬੀਮਾਰੀ ਲਗਦੀ ਹੀ ਨਹੀਂ ਤੇ ਲੰਮੀ ਸਿਹਤਮੰਦ ਜ਼ਿੰਦਗੀ ਭੋਗੀ ਜਾ ਸਕਦੀ ਹੈ। ਗਲ ਇਹ ਹੈ ਕਿ ਸਿਆਣੇ ਡਾਕਟਰ ਤੋਂ ਹਰ ਮਰੀਜ਼ ਨੂੰ ਆਪਣਾ ਚੈੱਕਅਪ ਕਰਵਾਉਣ ਬਾਅਦ ਹੀ ਠੀਕ ਸਲਾਹ ਲੈ ਕੇ ਸਹੀ ਮਿਕਦਾਰ ਵਿਚ ਇਹ ਕੁਦਰਤੀ ਚੀਜ਼ਾਂ ਖਾਣ ਦੀ ਲੋੜ ਹੈ। ਮਿਸਾਲ ਵਜੋਂ ਅਦਰਕ ਵਰਗੀ ਚੀਜ਼ ਵੀ ਹਰੇਕ ਤੇ ਇਕੋ ਜਿੰਨਾ ਅਸਰ ਨਹੀਂ ਵਿਖਾਉਂਦੀ। ਵਰਤਣ ਦਾ ਢੰਗ ਅਤੇ ਮਿਕਦਾਰ ਵਖ ਹੋ ਸਕਦੇ ਹਨ। ਆਖ਼ਰੀ ਅਸਰਦਾਰ ਨੁਕਤਾ ਜੋ ਸਫ਼ਲ ਸਾਬਤ ਹੋਇਆ, ਉਹ ਹੈ - **ਚੜ੍ਹਦੀ ਕਲਾ!** ਜੇ ਇਹ ਸੋਚ ਕੇ ਚੀਜ਼ ਖਾਧੀ ਹੋਵੇ ਕਿ ਇਸ ਨਾਲ ਯਕੀਨਨ ਠੀਕ ਹੋ ਜਾਣਾ ਹੈ, ਤਾਂ ਉਹ ਦੁਗਣਾ ਅਸਰ ਵਿਖਾਉਂਦੀ ਹੈ, ਪਰ ਜੇ ਖਾਣ ਲਗਿਆਂ ਉਮੀਦ ਨਾ ਰਹੇ ਤਾਂ ਉੱਕਾ ਹੀ ਬੇਅਸਰ ਵੀ ਸਾਬਤ ਹੋ ਜਾਂਦੀ ਹੈ। ਇਸੇ ਲਈ ਸਾਰਥਕ ਨਜ਼ਰੀਆ ਕੈਂਸਰ ਨਾਲ ਜੂਝਣ ਲਈ ਜ਼ਰੂਰੀ ਹੈ।

## ਆਓ ਸਿਆਣੇ ਮਤਦਾਤਾ (ਵੋਟਰ) ਬਣੀਏਂ

ਡਾ. ਬਲਦੇਵ ਸਿੰਘ ਢਿੱਲੋਂ, ਸਾਹਿਬਜਾਦਾ ਅਜੀਤ ਸਿੰਘ ਨਗਰ (ਭਾਰਤ)

ਆਪਾਂ ਨੂੰ ਆਪਣੇ ਦੇਸ਼ ਦੀਆਂ ਚੋਣਾਂ ਵਿੱਚ ਕਈ ਰੰਗ ਦੇਖਣ ਨੂੰ ਮਿਲਦੇ ਹਨ। ਇਸ ਤਰ੍ਹਾਂ ਦਾ ਉਤਸ਼ਾਹ ਹੁੰਦਾ ਹੈ ਕਿ ਬਜ਼ੁਰਗ ਸਿਹਤ ਦੀ ਪਰਵਾਹ ਨਾ ਕਰਦੇ ਹੋਏ ਵੋਟ ਪਾਉਂਦੇ ਹਨ, ਲਾੜਾ ਅਤੇ ਲਾੜੀ ਵਿਆਹ ਨਾਲੋਂ ਵੋਟ ਪਾਉਣ ਨੂੰ ਪਹਿਲ ਦਿੰਦੇ ਹਨ, ਬਾਜ਼ਾਰ ਅਤੇ ਘਰਾਂ ਦੀਆਂ ਛੱਤਾਂ ਉੱਪਰ ਅੱਡ-ਅੱਡ ਰੰਗਾਂ ਦੇ ਝੰਡੇ ਅਤੇ ਝੰਡੀਆਂ ਦੇਖਦੇ ਹਾਂ। ਪੈਸਾ ਪਾਣੀ ਵਾਂਗ ਵਹਾਇਆ ਜਾਂਦਾ ਹੈ ਅਤੇ ਚੋਣਾਂ ਜਿੱਤਣ ਲਈ ਹਰ ਚੰਗੀ-ਮਾੜੀ ਸੰਭਵ ਕੋਸ਼ਿਸ਼ ਕੀਤੀ ਜਾਂਦੀ ਹੈ। ਮਨ ਵਿੱਚ ਸਵਾਲ ਉੱਠਦੇ ਹਨ ਕਿ ਏਨੇ ਪੈਸੇ ਕਿਉਂ ਖ਼ਰਚੇ ਜਾ ਰਹੇ ਹਨ? ਕੀ ਕੋਈ ਇਮਾਨਦਾਰ ਏਨੇ ਪੈਸੇ ਖ਼ਰਚ ਸਕਦਾ ਹੈ? ਕੀ ਉਨ੍ਹਾਂ ਦੇ ਮਨ ਵਿੱਚ ਦੇਸ਼ ਅਤੇ ਸਮਾਜ ਸੇਵਾ ਹੈ ਜਾਂ ਕੁਝ ਹੋਰ?

ਹਰ ਗਲੀ, ਮੋੜ ’ਤੇ ਚੋਣਾਂ ਬਾਰੇ ਵਿਚਾਰ ਅਤੇ ਤਕਰਾਰ ਹੁੰਦੀ ਹੈ। ਇਹ ਕਈ ਵਾਰ ਮਨ-ਮੁਟਾਵ, ਲੜਾਈ ਜੋ ਦੁਸ਼ਮਣੀ ਦਾ ਰੂਪ ਵੀ ਲੈ ਲੈਂਦੀ ਹੈ। ਇੱਥੋਂ ਤੱਕ ਕਿ ਟੱਬਰ ਵੰਡੇ ਜਾਂਦੇ ਹਨ। ਇਹ ਵੇਖ ਕੇ ਮਨ ਬਹੁਤ ਦੁਖੀ ਹੁੰਦਾ ਹੈ ਅਤੇ ਵਿਚਾਰ ਆਉਂਦਾ ਹੈ ਕਿ ਅਸੀਂ ਸਾਰੇ ਇੱਕ ਜਾਂ ਕਿਸੇ ਦੂਸਰੀ ਪਾਰਟੀ ਦੇ ਕਰਿੰਦੇ ਬਣ ਕੇ ਹੀ ਰਹਿ ਗਏ ਹਾਂ। ਸੱਚ ਇਹ ਹੈ ਕਿ ਜ਼ਿਆਦਾਤਰ ਚੋਣਾਂ ਦਾ ਤਜ਼ਰਬਾ ਚੰਗਾ ਨਹੀਂ ਹੁੰਦਾ।

ਇਸ ਸਾਰੇ ਰੌਲੇ ਰੱਪੇ ਦੇ ਉਲਟ ਲੁਧਿਆਣਾ-ਜਗਰਾਓਂ ਸੜਕ ’ਤੇ ਸਥਿਤ ਪਿੰਡ ਸਿੱਧਵਾਂ ਖੁਰਦ ਸਿਤਾਰੇ ਵਾਂਗ ਚਮਕਿਆ ਹੈ। ਇਹ ਕਈ ਪੁਰਾਣੀਆਂ ਵਿਦਿਅਕ ਸੰਸਥਾਵਾਂ ਤੇ ਲੜਕੀਆਂ ਦੀ ਪੜ੍ਹਾਈ ਲਈ ਜਾਣਿਆ ਜਾਂਦਾ ਹੈ। ਇਸ ਨੇ ਸਮਾਜ ਨੂੰ ਉਹ ਸੇਧ ਦਿੱਤੀ ਹੈ ਜਿਸ ਦੀ ਸਮਾਜ ਨੂੰ ਸੰਭਾਲਣ ਦੀ ਬਹੁਤ ਜ਼ਰੂਰਤ ਹੈ।

ਫਰਵਰੀ 2022 ਦੀਆਂ ਚੋਣਾਂ ਦੌਰਾਨ ਪਿੰਡ ਵਾਸੀਆਂ ਨੇ ਸਰਬਸੰਮਤੀ ਨਾਲ ਫੈਸਲਾ ਕੀਤਾ ਕਿ ਪਿੰਡ ਵਿੱਚ ਸਿਆਸੀ ਪਾਰਟੀਆਂ ਦੇ ਬੂਥ ਨਹੀਂ ਲੱਗਣਗੇ, ਪਿੰਡ ਵਾਸੀ ਝੰਡੀਆਂ ਨਹੀਂ ਲਾਉਣਗੇ ਤੇ ਸਾਰੇ ਆਪੋ-ਆਪਣੀ



ਸਮਝ ਮੁਤਾਬਕ ਵੋਟਾਂ ਪਾਉਣਗੇ। ਉਨ੍ਹਾਂ ਨੇ ਇਨ੍ਹਾਂ ਫੈਸਲਿਆਂ ਉੱਤੇ ਫੁੱਲ ਵੀ ਚਾੜ੍ਹੇ। ਕੋਈ ਬੇਲੋੜੀ ਬਹਿਸ ਤਕਰਾਰ ਜਾਂ ਖ਼ਰਚਾ ਨਹੀਂ ਕੀਤਾ ਅਤੇ ਚੋਣਾਂ ਵਿੱਚ ਹਿੱਸਾ ਵੀ ਲਿਆ। ਇਹ ਨਵੀਆਂ ਪਿਰਤਾਂ ਪਾ ਕੇ ਸਿੱਧਵਾਂ ਖੁਰਦ ਨਿਵਾਸੀਆਂ ਨੇ ਇਤਿਹਾਸ ਸਿਰਜਿਆ ਹੈ।

ਸਿੱਧਵਾਂ ਖੁਰਦ ਨੇ ਮੈਨੂੰ ਜਰਮਨੀ ਦੀਆਂ ਸੰਘੀ (ਫੈਡਰਲ) ਚੋਣਾਂ ਯਾਦ ਕਰਵਾ ਦਿੱਤੀਆਂ। ਮਿਸਟਰ ਹੈਲਮੁਟ ਕੋਹਲ 1990 ਦੀਆਂ ਚੋਣਾਂ ਬਾਅਦ ਜਰਮਨੀ ਦੇ ਚਾਂਸਲਰ ਬਣੇ ਅਤੇ ਮਿਸ ਏਂਜਲਾ ਮਰਕਲ 2009 ਤੋਂ ਬਾਅਦ। ਦੋਵੇਂ ਪਹਿਲਾਂ ਹੀ ਚਾਂਸਲਰ ਸਨ। ਦੋਹਾਂ ਨੇ ਚੋਣਾਂ ਦੌਰਾਨ ਯੂਨੀਵਰਸਿਟੀ ਵਿੱਚ ਇਕੱਠ ਨੂੰ ਸੰਬੋਧਨ ਕੀਤਾ। ਯੂਨੀਵਰਸਿਟੀ ਵਿੱਚ ਇੱਕ ਦਰਮਿਆਨਾ ਜਿਹਾ ਪੁਰਾਣਾ ਕਿਲ੍ਹਾ ਹੈ ਜਿਸ ਵਿੱਚ ਦਫ਼ਤਰ, ਕਲਾਸ ਰੂਮ, ਲੈਬੋਰੇਟਰੀ ਦੇ ਨਾਲ ਇੱਕ ਛੋਟਾ ਜਿਹਾ ਪ੍ਰਾਈਵੇਟ ਪੱਧਰ ’ਤੇ ਚੱਲ ਰਿਹਾ ਰੈਂਸਟੋਰੈਂਟ ਵੀ ਹੈ। ਇਸ ਦੀ ਸਮਰੱਥਾ ਕੋਈ 150 ਮਹਿਮਾਨਾਂ ਦੇ ਕਰੀਬ ਹੋਏਗੀ। ਦੋਵੇਂ ਮਿਸਟਰ ਕੋਹਲ ਅਤੇ ਮਿਸ ਮਰਕਲ ਉਥੇ ਆਏ ਸਨ। ਪਰ ਯੂਨੀਵਰਸਿਟੀ ਵਿੱਚ ਕੋਈ ਵੀ ਹਲਚਲ ਨਹੀਂ ਸੀ, ਕੋਈ ਵੀ ਕੰਮ ਨਹੀਂ ਸੀ ਰੁਕਿਆ। ਕੋਹਲ ਸਾਹਿਬ ਦੀ ਫੇਰੀ ਦਾ ਉਦੋਂ ਪਤਾ ਲੱਗਾ ਜਦੋਂ 15-20 ਕਾਰਾਂ ਇਕੱਠੀਆਂ ਯੂਨੀਵਰਸਿਟੀ ਤੋਂ ਬਾਹਰ ਜਾਂਦੀਆਂ ਵੇਖੀਆਂ। ਮਿਸ ਮਰਕਲ ਦੀ ਫੇਰੀ ਦੀ ਜਾਣਕਾਰੀ ਅਗਲੇ ਦਿਨ ਅਖ਼ਬਾਰਾਂ ਤੋਂ ਮਿਲੀ ਸੀ।

ਮੇਰੀ ਯੂਨੀਵਰਸਿਟੀ ਉਸ ਸੂਬੇ ਦੀ ਰਾਜਧਾਨੀ ਵਿਚ ਹੈ। ਸ਼ਹਿਰ ਵਿੱਚ ਵੀ ਨਾ ਕੋਈ ਰੈਲੀ ਅਤੇ ਨਾ ਹੀ ਕੋਈ ਰੌਲਾ-ਰੱਪਾ ਸੁਣਨ ਨੂੰ ਮਿਲਿਆ। ਸਾਰਾ ਕੰਮ ਆਮ ਵਾਂਗ ਹੁੰਦਾ ਰਿਹਾ, ਸਿਰਫ਼ ਪੇਵਮੈਂਟ ਉੱਪਰ ਲਗਭਗ 100-100 ਗਜ਼ ਤੇ ਛੋਟੇ ਪੋਸਟਰ ਰੱਖੇ ਗਏ ਸਨ। ਕਿਤੇ ਹੀ ਵਿਰਲਾ ਵੱਡਾ ਪੋਸਟਰ ਸੀ। ਸਾਰੇ ਪੋਸਟਰ ਚੋਣਾਂ ਤੋਂ ਬਾਅਦ ਉਮੀਦਵਾਰਾਂ ਨੇ ਆਪ ਹੀ ਚੁਕਵਾ ਦਿੱਤੇ ਸਨ।

ਮਨ ਵਿੱਚ ਕੁਦਰਤੀ ਸਵਾਲ ਉੱਠਦਾ ਸੀ ਕਿ ਸਾਡੇ ਪ੍ਰਧਾਨ ਮੰਤਰੀ ਜਾਂ ਮੁੱਖ ਮੰਤਰੀ ਤਾਂ ਛੱਡੋ, ਕੋਈ ਮੰਤਰੀ ਵੀ ਆਉਂਦਾ ਹੈ ਤਾਂ ਸਾਰਾ ਕੰਮ ਰੁਕ ਜਾਂਦਾ ਹੈ, ਉੱਤੋਂ ਸੁਰੱਖਿਆ ਦਾ ਬਹੁਤ ਵੱਡਾ ਪ੍ਰਬੰਧ ਤੇ ਵੱਡੀਆਂ-ਵੱਡੀਆਂ ਰੈਲੀਆਂ। ਹਰ ਥਾਂ ’ਤੇ ਝੰਡੇ ਅਤੇ ਹਰ ਕੰਧ ਉੱਪਰ ਪੋਸਟਰ ਤੇ ਨਾਅਰੇ ਨਜ਼ਰ ਆਉਂਦੇ ਹਨ। ਕਿੰਨੀ ਸਮੇਂ ਦੀ ਬਰਬਾਦੀ, ਅਤੇ ਲੋਹੜੇ ਦਾ ਖ਼ਰਚ ਤੇ ਉਪਰੋਂ ਗੰਦਗੀ। ਮੈਂ ਸੋਚਣ ’ਤੇ ਮਜਬੂਰ ਹੋ ਜਾਂਦਾ ਹਾਂ ਕਿ ਇਹ ਏਨਾਂ ਅਮੀਰ ਅਤੇ ਸਾਡਾ ਗ਼ਰੀਬ ਦੇਸ਼। ਇਹ ਸਭ ਕਿਉਂ ਤੇ ਕਿਸ ਲਈ?

ਚੋਣਾਂ ਸਮੇਂ ਸਮਾਜ ਵਿੱਚ ਦਰਾੜਾਂ ਪੈਂਦੀਆਂ ਹਨ। ਮੈਂ ਹਾਇਰ ਸੈਕੰਡਰੀ ਸਕੂਲ ਵਿੱਚ ਪੜ੍ਹਦਾ ਸੀ। ਇੱਕ ਦਿਨ ਭਾਪਾ ਜੀ ਦੇ ਕਾਗਜ਼ ਫਰੋਲਦਿਆਂ ਮੇਰੇ ਹੱਥ ਪੁਰਾਣਾ ‘ਇਲਸਟਰੇਟਡ ਵੀਕਲੀ’ (Illustrated Weekly) ਆ ਗਿਆ। ਇਸ ਵਿੱਚ ਮਹਾਤਮਾ ਗਾਂਧੀ ਅਤੇ ਮੁਹੰਮਦ ਅਲੀ ਜਿਨਾਹ ਦੀ ਫੋਟੋ ਵਿੱਚ ਦੋਵਾਂ ਨੇ ਜੱਫ਼ੀ ਪਾਈ ਹੋਈ ਸੀ। ਹੇਠਾਂ ਲਿਖਿਆ ਸੀ ਕਿ ਦੋਵਾਂ ਦੀ ਸਿਆਸੀ ਸੋਚ ਵਿੱਚ ਬਹੁਤ ਫ਼ਰਕ ਸੀ, ਪਰ ਦੋਵੇਂ ਇੱਕ-ਦੂਜੇ ਦੀ ਬਹੁਤ ਇੱਜ਼ਤ ਕਰਦੇ ਸਨ। ਬੱਚਿਆਂ ਵਾਲੀ ਸਮਝ ਹੋਣ ਕਰਕੇ ਮਨ ਵਿੱਚ ਗੁੱਸਾ ਆਇਆ ਕਿ ਦੇਸ਼ ਦੀ ਵੰਡ ਵੇਲੇ ਹਜ਼ਾਰਾਂ ਲੋਕ ਮਰੇ, ਲੱਖਾਂ ਸ਼ਰਨਾਰਥੀ ਹੋਏ ਤੇ ਇਹ ਦੋਵੇਂ ਜੱਫ਼ੀਆਂ ਪਾਉਂਦੇ ਨੇ।

ਵੱਡੇ ਹੋਏ, ਸੋਚ ਪਰਿਪੱਕ ਹੋਈ, ਸਮਝ ਆਈ ਕਿ ਮਹਾਤਮਾ ਗਾਂਧੀ ਅਤੇ ਜਿਨਾਹ ਆਪੋ-ਆਪਣੀ ਥਾਂ ਠੀਕ ਸਨ। ਅੱਜ ਕੱਲ੍ਹ ਸਿਆਸਤ ਇੰਨੀ ਭਾਰੂ ਹੈ ਕਿ ਪਰਿਵਾਰ ਟੁੱਟ ਰਹੇ ਹਨ। ਅਸੀਂ ਕਿਉਂ ਨਹੀਂ ਦੇਖਦੇ ਕਿ ਅੱਡ-ਅੱਡ ਪਾਰਟੀਆਂ ਵਾਲੇ ਮੁੱਖ ਮੰਤਰੀਆਂ ਅਤੇ ਮੰਤਰੀਆਂ ਦੇ ਪਰਿਵਾਰਾਂ ਵਿੱਚ ਕੁੜਮਚਾਰੀਆਂ ਤੇ ਰਿਸ਼ਤੇਦਾਰੀਆਂ ਹਨ।

ਜੋ ਨੇਤਾ ਚੋਣਾਂ ਦੌਰਾਨ ਇੱਕ-ਦੂਸਰੇ ਦੇ ਉਲਟ ਧੂਆਂਧਾਰ ਤਕਰੀਰਾਂ ਕਰਦੇ ਹਨ, ਇਲਜ਼ਾਮ ਲਾਉਂਦੇ ਹਨ, ਬਾਅਦ ਵਿੱਚ ਇਕੱਠੇ ਬੈਠਦੇ ਹਨ। ਫਿਰ ਅਸੀਂ ਵੋਟਾਂ ਕਰਕੇ ਆਪਸ ਵਿੱਚ ਕਿਉਂ ਅੱਡੋ-ਅੱਡ ਹੋ ਜਾਂਦੇ ਹਾਂ, ਕਿਉਂ ਵੈਰ ਕਮਾਉਂਦੇ ਹਾਂ? ਇਹ ਸੋਚਣ ਦੀ ਸਖ਼ਤ ਜ਼ਰੂਰਤ ਹੈ। ਇਸ ਮਾਹੌਲ ਵਿੱਚ ਸਿੱਧਵਾਂ ਖ਼ੁਰਦ ਨਿਵਾਸੀਆਂ ਨੇ ਸਾਨੂੰ ਰਾਹ ਵਿਖਾਇਆ ਹੈ ਕਿ ਆਪੋ-ਆਪਣੀ ਵੋਟ ਜ਼ਰੂਰ ਪਾਓ, ਪਰ ਬਗੈਰ ਸ਼ੋਰ-ਸ਼ਰਾਬੇ ਦੇ।

ਦੂਸਰੇ ਪਾਸੇ ਚਿੰਤਾ ਵਾਲੀ ਗੱਲ ਹੈ ਕਿ ਇਸ ਵਾਰ ਪਿਛਲੀਆਂ ਚੋਣਾਂ ਨਾਲੋਂ ਘੱਟ ਵੋਟਾਂ ਪਈਆਂ। ਵੋਟਾਂ ਪਾਉਣ ਦਾ ਉਤਸ਼ਾਹ ਵਧਣ ਦੀ ਥਾਂ ਘਟ ਗਿਆ। ਇਸ ਦਾ ਕਾਰਨ ਸਮਾਜ ਵਿੱਚ ਨਿਰਾਸ਼ਾ, ਨਾਰਾਜ਼ਗੀ ਜਾਂ ਉਦਾਸੀਨਤਾ ਹੈ? ਸ਼ਹਿਰਾਂ ਵਿੱਚ ਪਿੰਡਾਂ ਨਾਲੋਂ ਵੀ ਘੱਟ ਵੋਟਾਂ ਪਈਆਂ। ਪੜ੍ਹਿਆ-ਲਿਖਿਆ ਤਬਕਾ ਢਹਿੰਦੀ ਕਲਾਂ ਵਿੱਚ ਹੈ। ਵੋਟਰਾਂ ਦੀ ਉਮੀਦ ਮੁਤਾਬਕ ਉਮੀਦਵਾਰ ਨਹੀਂ ਹਨ। ਇਸ ਪਾਸੇ ਸਾਡੇ ਨੇਤਾਵਾਂ ਅਤੇ ਸਾਨੂੰ, ਭਾਵ ਸਮਾਜ ਨੂੰ ਗੰਭੀਰਤਾ ਨਾਲ ਸੋਚਣ ਦੀ ਜ਼ਰੂਰਤ ਹੈ। ਅਸੀਂ ਸਿਰਫ਼ ਨੇਤਾਵਾਂ ਦੀ ਆਲੋਚਨਾ ਕਰਨ ਦੀ ਬਜਾਏ ਇਹ ਸੋਚੀਏ ਕਿ ਇਹ ਨੇਤਾ ਤੇ ਸਰਕਾਰ ਅਸੀਂ ਹੀ ਚੁਣਦੇ ਹਾਂ। ਜੇ ਅਸੀਂ ਸਰਕਾਰ ਠੀਕ ਨਹੀਂ ਚੁਣੀ ਤਾਂ ਫਿਰ ਕਸੂਰ ਸਾਡਾ ਹੈ।

ਮੁੱਕਦੀ ਗੱਲ, ਸਿੱਧਵਾਂ ਖ਼ੁਰਦ ਨਿਵਾਸੀਆਂ ਨੇ ਜੋ ਕੀਤਾ, ਉਹ ਕਿਸੇ ਚਮਤਕਾਰ ਤੋਂ ਘੱਟ ਨਹੀਂ। ਯਕੀਨ ਨਹੀਂ ਆਉਂਦਾ ਕਿ ਅੱਜਕੱਲ੍ਹ ਦੇ ਸਿਆਸੀ ਮਾਹੌਲ ਵਿੱਚ ਕੋਈ ਪਿੰਡ ਇਸ ਤਰ੍ਹਾਂ ਵੀ ਕਰ ਸਕਦਾ ਹੈ। ਕਈ ਵਿਦਿਅਕ ਸੰਸਥਾਵਾਂ ਹੋਣ ਕਰਕੇ ਇਹ ਪਿੰਡ ਪੜ੍ਹਿਆਂ-ਲਿਖਿਆਂ ਦਾ ਹੈ ਅਤੇ ਨਿਵਾਸੀ ਅਗਾਂਹਵਧੂ ਸੋਚ ਵਾਲੇ ਹਨ। ਇਸ ਨਾਲ ਸੁਨੇਹਾ ਵੀ ਹੈ ਕਿ ਸਮਾਜ ਅਤੇ ਦੇਸ਼ ਦੀ ਭਲਾਈ ਲਈ ਵਿੱਦਿਆ ਜ਼ਰੂਰੀ ਹੈ। ਸਮਾਜ ਨੂੰ ਨਵੀਂ ਸੇਧ ਦੇਣ ਲਈ ਆਓ ਆਪਾਂ ਸਾਰੇ ਰਲ਼ ਕੇ ਸਿੱਧਵਾਂ ਖ਼ੁਰਦ ਦੇ ਭਾਈਚਾਰੇ ਦਾ ਸ਼ੁਕਰੀਆ ਕਰੀਏ, ਉਨ੍ਹਾਂ ਨੂੰ ਵਧਾਈ ਦੇਈਏ। ਸਰਕਾਰ ਨੂੰ ਵੀ ਚਾਹੀਦਾ ਹੈ ਕਿ ਇਸ ਪਹਿਲ ਦਾ ਜ਼ਿਆਦਾ ਤੋਂ ਜ਼ਿਆਦਾ ਪ੍ਰਚਾਰ ਕਰੇ। ਜੇ ਸਿੱਧਵਾਂ ਖ਼ੁਰਦ ਨਿਵਾਸੀ ਕਰ ਸਕਦੇ ਹਨ ਤਾਂ ਆਪਾਂ ਕਿਉਂ ਨਹੀਂ? ਆਪਣੇ ਆਪ ’ਤੇ ਸਵਾਲ ਕਰੀਏ। ਇਸ ਸੋਚ ਵਿੱਚ ਹੀ ਸਾਡਾ, ਸਮਾਜ ਅਤੇ ਦੇਸ਼ ਦਾ ਭਲਾ ਹੈ।

# ਵਿਗਸਦੀ ਖੁਸ਼ਹਾਲੀ ਦੇ ਦਾਤਾ-ਸ੍ਰੀ ਗੁਰੂ ਨਾਨਕ ਦੇਵ ਸਾਹਿਬ (3)
## (ਗੁਰੂ ਨਾਨਕ ਬਾਣੀ ਦੇ ਪ੍ਰਸੰਗ ਵਿੱਚ-ਭਾਗ ਤੀਜਾ)

ਡਾ. ਬਲਵਿੰਦਰਪਾਲ ਸਿੰਘ, ਲੁਧਿਆਣਾ (ਭਾਰਤ)

### ਘਾਲਣਾ ਦੀ ਮਹਾਨਤਾ

ਗੁਰੂ ਨਾਨਕ ਦੇਵ ਸਖਤ ਘਾਲਣਾ ਘਾਲ ਕੇ ਕੀਤੀ ਕਮਾਈ ਨੂੰ ਬਰਕਤ ਭਰਪੂਰ ਮੰਨਦੇ ਹਨ । ਵਿਹਲੇ ਬੱਚੇ ਜੋ ਅਮੀਰ ਘਰਾਂ ਵਿਚ ਹੁੰਦੇ ਹਨ, ਪੈਸਾ ਬੇਸ਼ੁਮਾਰ ਹੋਣ ਤੇ ਵੀ, ਨਿਕੰਮੇ, ਆਯਾਸ਼ ਅਤੇ ਬੁਰੀਆਂ ਆਦਤਾਂ ਵਾਲੇ ਨਿਕਲ ਆਉਂਦੇ ਹਨ । ਜਿਨ੍ਹਾਂ ਦੇ ਬੱਚੇ ਮਿਹਨਤ ਕਰਕੇ ਅਮੀਰੀ ਨੂੰ ਵਾਪਰਦਾ ਦੇਖਦੇ ਹਨ ਅਤੇ ਉਸ ਵਿੱਚ ਯੋਗਦਾਨ ਪਾਉਂਦੇ ਹਨ, ਉਹ ਸਫਲ ਜੀਵਨ ਜੀਉਂਦੇ ਹਨ । ਇਕ ਸਲੋਕ ਵਿਚ ਗੁਰੂ ਸਾਹਿਬ ਦਾ ਸੁੰਦਰ ਬਚਨ ਹੈ,

ਗਿਆਨ ਵਿਹੂਣਾ ਗਾਵੈ ਗੀਤ॥ ਭੁਖੇ ਮੁਲਾਂ ਘਰੇ ਮਸੀਤਿ॥
ਮਖਟੂ ਹੋਇ ਕੈ ਕੰਨ ਪੜਾਏ ॥ ਫਕਰੁ ਕਰੇ ਹੋਰੁ ਜਾਤਿ ਗਵਾਏ ॥
ਗੁਰ ਪੀਰੁ ਸਦਾਏ ਮੰਗਣ ਜਾਏ॥ ਤਾ ਕੇ ਮੂਲਿ ਨ ਲਗੀਐ ਪਾਇ॥
ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥੧॥
(SGGS-1245)

**The one who lacks spiritual wisdom, sings religious songs. The hungry Mullah turns his house into a Mosque. The lazy unemployed has his ears pierced to look like a yogi. Someone else becomes a panhandler and loses his social status. One who calls himself a guru or a spiritual teacher, while he goes around begging. Don't ever touch his feet. One who works hard for what he eats and gives some what he has. O' Nanak, he knows the path.**



ਵਾਰ ਆਸਾ ਵਿਚ ਵੀ, ਸਰਾਧ ਕਰਾਉਣ ਦਾ ਪ੍ਰਸੰਗ ਸਿਰਜਦੇ ਹੋਏ, ਪਿੱਤਰਾਂ ਨੂੰ ਵਿਚੋਲੇ (ਬ੍ਰਾਹਮਣ, ਪੁਜਾਰੀ, ਗ੍ਰੰਥੀ ਆਦਿ) ਰਾਂਹੀ ਦਾਨ ਵਸਤਾਂ ਪਹੁੰਚਾਉਣ ਦੀ ਸ਼ਰਧਾ ਬਾਰੇ ਤਾੜਨਾ ਕਰਦੇ ਹਨ ਕਿ

"ਨਾਨਕ ਅਗੈ ਸੋ ਮਿਲੈ ਜੇ ਖਟੇ ਘਾਲੇ ਦੇਇ ॥
(SGGS- 472)

ਜਤੀ ਹੋ ਕੇ ਵਾਹਵਾ ਖੱਟਣ ਵਾਲਿਆਂ ਨੂੰ ਸੁਚੇਤ ਕੀਤਾ ਕਿ ਉਨ੍ਹਾਂ ਨੂੰ ਘਰਬਾਰ ਚਲਾਉਣ ਦੀ ਜੁਗਤਿ ਨਹੀ ਹੈ ਤੇ ਵਡਿਆਈ ਕਾਹਦੀ ?

"ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰਬਾਰੁ ॥" (SGGS-469)

ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਅੰਗ 595 ਉੱਤੇ ਸੁਸ਼ੋਭਿਤ 'ਮਨਹਾਲੀ ਕਿਰਸਾਨੀਂ' ਕਰਨ ਵਾਲੇ ਸ਼ਬਦ ਵਿਚ ਨੌਕਰੀ ਵਪਾਰ, ਖੇਤੀ ਆਦਿ ਸਭ ਕਾਰਜ ਕਰਨ ਵਾਲੇ ਮਨੁੱਖ ਨੂੰ ਈਮਾਨ ਅਤੇ ਪੂਰੀ ਲਗਨ ਨਾਲ ਜੁਟਣ ਦੀ ਸਿੱਖਿਆ ਦਿੱਤੀ ਗਈ ਹੈ ।

ਗੁਰੂ ਨਾਨਕ ਜੀ, ਅੰਦਰੂਨੀ ਵਿਕਾਸ ਬਿਨਾ, ਬਾਹਰ ਦੇ ਸਾਰੇ ਪਸਾਰੇ ਨੂੰ ਫੋਕਟ ਮੰਨਦੇ ਹਨ ਕਿਉਂਕਿ ਅੰਦਰੂਨੀ ਪ੍ਰਤੀਕੂਲਤਾ ਨੇ ਬਾਹਰੀ ਖੁਸ਼ਹਾਲੀ ਨੂੰ ਬੜੀ ਤੇਜੀ ਨਾਲ ਮੰਦਹਾਲੀ ਵਿਚ ਬਦਲ ਦੇਣਾ ਹੁੰਦਾ ਹੈ । ਸਾਡੀ ਵਰਤਮਾਨ ਸਥਿਤੀ ਕੁਝ ਅਜਿਹੀ ਹੀ ਹੈ ।

**ਇਸਤਰੀ ਸ**ਸ਼ੱਕਤੀਰਕਨ

ਇਸਤਰੀਆਂ ਪ੍ਰਤੀ ਜ਼ੋਰਦਾਰ ਸਮਰਥਨ ਕਰਦੇ ਹੋਏ ਗੁਰੂ ਨਾਨਕ ਆਸਾ ਦੀ ਵਾਰ ਵਿਚ ਜਦੋਂ ਪ੍ਰਸੰਗ ਸਿਰਜਦੇ ਹਨ ਤਾਂ ਹੋਰਨਾ ਥਾਂਵਾਂ ਤੇ ਇਸਤਰੀ ਨੂੰ ਬਾਹਰੀ ਸੱਜ-ਸੰਵਾਰ ਤੇ ਸ਼ਿੰਗਾਰ ਨਾਲੋਂ ਅੰਦਰੂਨੀ ਸੱਚ ਸੰਜੀਦਗੀ ਧਾਰਨ ਕਰਨ ਅਤੇ ਗੁਣਵੰਤੀ ਬਣਨ ਲਈ ਪ੍ਰੇਰਦੇ ਹਨ । ਯਾਦ ਰਹੇ, ਇਥੇ ਇਸਤਰੀ ਅਤੇ ਜੀਵ ਇਸਤਰੀ (ਸਭ ਜੀਵਾਂ ਲਈ) ਉਪਦੇਸ਼ ਵੀ ਹੈ, ਭਾਵ ਸਮਾਜਿਕਤਾ ਦਾ ਅਧਿਆਤਮੀਕਰਨ ਵੀ ਨਾਲ ਹੀ ਕੀਤਾ ਗਿਆ ਹੈ,

ਕਢਿ ਕਸੀਦਾ ਪਹਿਰਹਿ ਚੋਲੀ ਤਾ ਤੁਮ ਜਾਣਹੁ ਨਾਰੀ ॥
ਜੇ ਘਰਿ ਰਾਖਹਿ ਬੁਰਾ ਨ ਚਾਖਹਿ ਹੋਵਹਿ ਕੰਤ ਪਿਆਰੀ ॥
(SGGS-1171)

ਜੋ ਇਸਤਰੀ ਹੱਥੀਂ ਕਸੀਦਾ ਕੱਢਦੀ ਤੇ ਪਹਿਨਦੀ ਹੈ ਉਹ ਹੀ ਸਫਲ ਨਾਰੀ ਹੈ। ਇਥੇ ਸ੍ਵੈ ਦੇ ਗੁਣ ਵਿਕਾਸ ਦਾ ਭੇਦ ਛੁਪਿਆ ਹੈ ਤੇ ਸਫਲ ਜੀਵ ਇਸਤਰੀ ਦੀ ਜੁਗਤ ਹੈ ।

ਇਆਣੜੀਏ ਮਾਨੜਾ ਕਾਇ ਕਰੇਇ॥...

ਵਾਲੇ ਸ਼ਬਦ ਵਿਚ ਵੀ ਗੁਣਵੰਤੀ ਹੋਣ ਦੀ ਪ੍ਰੇਰਨਾ ਹੈ । ਪੁਰਸ਼ ਨੂੰ ਸੋਨੇ ਚਾਂਦੀ ਦੇ ਗਹਿਣੇ, ਜਾਇਜ਼ ਨਜਾਇਜ਼ ਢੰਗ ਨਾਲ ਲਿਆਉਣ ਦਾ ਜ਼ੋਰ ਦੇਣ ਵਾਲੀ ਇਸਤਰੀ ਅਤੇ ਖਾਣ ਪੀਣ ਦਾ ਖੁੱਲ ਵਰਤਾਓ ਕਰਨ ਵਾਲੇ ਦੋਸਤ, ਭ੍ਰਿਸ਼ਟਾਚਾਰ ਕਰਨ ਲਈ ਉਕਸਾਂਦੇ ਹਨ,

ਕਾਮਣਿ ਲੋੜੈ ਸੋਇਨਾ ਰੂਪਾ ਮਿਤ੍ਰ ਲੋੜੇਨਿ ਸੁ ਖਾਧਾਤਾ॥
ਨਾਨਕ ਪਾਪ ਕਰੇ ਤਿਨ ਕਾਰਣਿ ਜਾਸੀ ਜਮਪੁਰਿ ਬਾਧਾਤਾ॥ (SGGS-155)

"ਭੈਣੇ ਸਾਵਣ ਆਇਆ" ਵਾਲਾ ਸ਼ਬਦ ਸਭਿਆਚਾਰਕ ਸੌਂਦਰਯ ਦੇ ਰੂਹਾਨੀ ਕਰਨ ਦੀ ਅਨੂਠੀ ਮਿਸਾਲ ਹੈ।

**ਭ੍ਰਿਸ਼ਟਾਚਾਰ ਤੇ ਆਰਥਕ ਲੁੱਟ ਖਸੁੱਟ**

ਗੁਰੂ ਨਾਨਕ ਸਾਹਿਬ ਨੇ ਮਲਕ ਭਾਗੋ ਦੇ ਘਰ ਦੇ ਮਾਲ੍ਹ ਪੂੜੇ ਤਿਆਗ ਕੇ ਭਾਈ ਲਾਲੋ ਨੂੰ ਗਲ ਨਾਲ ਲਾਇਆ ਅਤੇ "ਗਰੀਬ ਨਿਵਾਜ" ਹੋਣਾ ਧਰਮ ਦਾ ਅਨਿਖੜਵਾਂ ਅੰਗ ਬਣਾ ਦਿੱਤਾ । ਗੁਰੁ ਜੀ ਨੇ ਸਪਸ਼ਟ ਉਪਦੇਸ਼ ਦਿੱਤਾ:

" ਨੀਚਾ ਅੰਦਰਿ ਨੀਚੁ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕ ਤਿਨ ਕੇ ਸੰਗਿ ਸਾਥਿ ਵੱਡਿਆ ਸਿਉ ਕਿਆ ਰੀਸੁ"
ਜਿਥੈ ਨੀਚੁ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸੁ"
(SGGS-15)

ਭ੍ਰਿਸ਼ਟਾਚਾਰ ਸੰਬੰਧੀ ਬਹੁਤ ਹਵਾਲੇ ਆਏ ਹਨ, ਪਰ ਇਕ ਥਾਂ ਬੜੀ ਕਰੜੀ ਉਦਾਹਰਣ ਦੇਂਦਿਆ ਗੁਰੁ ਜੀ ਨੇ ਕਿਹਾ ਹੈ ਕਿ ਜਿਵੇਂ ਕਪੜੇ ਉੱਤੇ ਖ਼ੂਨ ਲੱਗ ਜਾਵੇ ਤਾਂ ਉਹ ਪਲੀਤ ਹੋ ਜਾਂਦਾ ਹੈ, ਉਸੇ ਤਰ੍ਹਾਂ ਜੋ ਬੰਦੇ, ਮਨੁੱਖਾਂ ਦੇ ਹੱਕ ਮਾਰ ਕੇ ਉਨ੍ਹਾਂਦਾ ਲਹੂ ਪੀਂਦੇ ਹਨ, ਉਨ੍ਹਾਂ ਦੇ ਹਿਰਦੇ ਕਿੱਵੇਂ ਨਿਰਮਲ ਰਹਿ ਸਕਦੇ ਹਨ? ਭਾਵ, ਉਨ੍ਹਾਂ ਦੀ ਹੋਂਦ, ਸਮਾਜ ਵਿੱਚ ਨਰਕ ਵਰਗਾ ਜੀਵਨ ਬਣਾ ਦੇਂਦੀ ਹੈ ।

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ "
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥(SGGS-140)

ਭ੍ਰਿਸ਼ਟ ਵਿਅਕਤੀਆ ਦੇ ਸਮਾਜ ਨੂੰ ਕੋਹੜ ਬਣਾਉਣ ਦੀ ਜੋ ਭਿਆਨਕ ਤਸਵੀਰ ਗੁਰੂ ਨਾਨਕ ਦੇਵ ਪੇਸ਼ ਕਰਦੇ ਹਨ, ਉਸ ਤੋਂ ਖਲਾਸੀ ਕਰਵਾਏ ਬਿਨਾ, ਕੋਈ ਵੀ ਸਮਾਜ, ਉੱਨਤੀ ਨਹੀਂ ਕਰ ਸਕਦਾ,

ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ॥
ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕਰੋਧ ਚੰਡਾਲੁ ॥
ਰਸ ਕਸ ਆਪ ਸਲਾਹਣਾ ਏ ਕਰਮ ਮੇਰੇ ਕਰਤਾਰ ॥੧॥

# ਬੰਦੀ-ਛੋੜ ਦਿਵਸ


## ਡਾ. ਸੁਰਜੀਤ ਸਿੰਘ ਭੱਟੀ, ਕੈਲਗਰੀ (ਕੈਨੇਡਾ)

(surjitsinghbhatti@gmail.com, drssbhatti.ca)


"ਬੰਦੀ-ਛੋੜ" (ਕੈਦੀਆਂ ਨੂੰ ਮੁਕਤ ਕਰਨ ਵਾਲੇ) ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ (1595-1644) ਲਈ ਵਰਤਿਆ ਜਾਣ ਵਾਲਾ ਸਨਮਾਨ ਹੈ, ਜਿਨ੍ਹਾਂ ਨੇ ਗਵਾਲੀਅਰ ਦੇ ਕਿਲ੍ਹੇ ਤੋਂ 52 ਹਿੰਦੂ ਰਾਜਕੁਮਾਰਾਂ ਨੂੰ ਰਿਹਾਅ ਕਰਵਾਇਆ ਸੀ, ਜਿੱਥੇ ਉਨ੍ਹਾਂ ਨੂੰ ਮੁਗਲ ਬਾਦਸ਼ਾਹ ਜਹਾਂਗੀਰ ਦੁਆਰਾ ਕੈਦ ਕੀਤਾ ਗਿਆ ਸੀ। ਗੁਰੂ ਸਾਹਿਬ ਨੂੰ ਉੱਥੇ ਇੱਕ ਸਾਜ਼ਿਸ਼ ਤਹਿਤ ਨਜ਼ਰਬੰਦ ਕਰ ਦਿੱਤਾ ਗਿਆ ਸੀ। ਸਿੱਖਾਂ ਅਤੇ ਸਾਂਈਂ ਮੀਆਂ ਮੀਰ ਦੇ ਜ਼ੋਰਦਾਰ ਦਬਾਅ ਕਾਰਨ ਉਨ੍ਹਾਂ ਨੂੰ ਰਿਹਾਅ ਕਰਨਾ ਪਿਆ, ਪਰ ਉਨ੍ਹਾਂ ਨੇ ਸ਼ਰਤ ਰੱਖੀ ਕਿ ਬੇਕਸੂਰ ਰਾਜਕੁਮਾਰਾਂ ਨੂੰ ਵੀ ਉਨ੍ਹਾਂ ਦੇ ਨਾਲ ਹੀ ਰਿਹਾ ਕੀਤਾ ਜਾਏ। ਜਹਾਂਗੀਰ ਨੂੰ ਗੁਰੂ ਸਾਹਿਬ ਦੀ ਇਹ ਸ਼ਰਤ ਮੰਨਣੀ ਪਈ।

ਇਸ ਦਿਨ ਗੁਰੂ ਸਾਹਿਬ ਬਾਬਾ ਬੁੱਢਾ ਜੀ ਅਤੇ ਸਿੱਖ ਸੰਗਤਾਂ ਦੇ ਨਾਲ ਅੰਮ੍ਰਿਤਸਰ ਪਰਤੇ ਸਨ। ਹਰ ਸਾਲ ਸਿੱਖ 'ਸਰਬੱਤ ਦੇ ਭਲੇ' ਅਤੇ ਪਰਮਾਤਮਾ ਦਾ ਸ਼ੁਕਰਾਨਾ ਕਰਨ ਲਈ ਇਸ (ਬੰਦੀ-ਛੋੜ) ਦਿਨ ਨੂੰ ਰੌਸ਼ਨੀਆਂ ਦੇ ਤਿਉਹਾਰ ਵਜੋਂ ਮਨਾਉਂਦੇ ਹਨ ਅਤੇ ਸੰਸਾਰ ਭਰ ਵਿਚ ਗੁਰੂ ਜਸ ਕੀਤਾ ਜਾਂਦਾ ਹੈ।

ਇਹ ਉਹ ਦਿਨ ਹੈ ਜਦੋਂ ਭਾਰਤ ਵਿਚ ਸ੍ਰੀ ਰਾਮ ਚੰਦਰ ਜੀ ਦੇ ਬਨਵਾਸ ਤੋਂ ਵਾਪਸ ਆਉਣ ਦੀ ਖੁਸ਼ੀ ਵਿਚ ਦੀਵਾਲੀ ਵੀ ਮਨਾਈ ਜਾਂਦੀ ਹੈ। ਗੁਰਮਤਿ ਅਨੁਸਾਰ ਰੋਸ਼ਨੀ ਮਨੁੱਖ ਦੇ ਮਨ ਅੰਦਰ ਅਧਿਆਤਮਕ ਸੋਝੀ ਨਾਲ ਕੀਤੀ ਜਾਣੀ ਚਾਹੀਦੀ ਹੈ। ਸਿਰਫ ਬਾਹਰਲੀ ਰੋਸ਼ਨੀ ਕਾਫੀ ਨਹੀਂ ਕਿਉਂਕਿ ਇਹ ਕੁਝ ਸਮੇਂ ਲਈ ਹੀ ਹੁੰਦੀ ਹੈ। ਸਦੀਵੀ ਖੇੜਾ ਅਤੇ ਚਾਨਣ ਗੁਰੂ ਤੋਂ ਮਿਲੇ ਗਿਆਨ ਦਵਾਰਾ ਹੀ ਮਿਲ ਸਕਦੇ ਹਨ।

ਇਸ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੁਝ ਉਪਦੇਸ਼ ਇਸ ਪ੍ਰਕਾਰ ਹਨ।

ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ ॥
ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ॥
ਨਾਮ ਤੇਰੇ ਕੀ ਜੋਤਿ ਲਗਾਈ ॥
ਭਇਓ ਉਜਿਆਰੋ ਭਵਨ ਸਗਲਾਰੇ॥

(ਰਾਗੁ ਧਨਾਸਰੀ ਭਗਤ ਰਵਿਦਾਸ ਜੀ)
ਅੰਗ 694.

ਗੁਰ ਸਾਖੀ ਜੋਤਿ ਜਗਾਇ ਦੀਵਾ ਬਾਲਿਆ॥

(ਰਾਗੁ ਮਲਾਰ ਮਹਲਾ 5, ਅੰਗ 1284)

ਉਝੜਿ ਭੁਲੇ ਰਾਹ ਗੁਰ ਵੇਖਾਲਿਆ॥ ...
ਪਾਇਆ ਰਤਨੁ ਘਰਾਹੁ ਦੀਵਾ ਬਾਲਿਆ॥

(ਮਾਝ ਮਹਲਾ 1, ਅੰਗ 149)

ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ॥

(ਸਿਰੀ ਰਾਗੁ ਮਹਲਾ 3, ਅੰਗ 39)

ਕਲਿ ਕਾਲਖ ਅੰਧਿਆਰੀਆ॥
ਗੁਰ ਗਿਆਨ ਦੀਪਕ ਉਜਿਆਰੀਆ॥

(ਗਉੜੀ ਮਹਲਾ 5, ਅੰਗ 210)

**ਅਧਿਆਪਕ ਦਿਵਸ ਤੇ ਵਿਸ਼ੇਸ਼**

## ਅਧਿਆਪਕ ਤਾਂ ਮਲਾਹ ਹੁੰਦਾ ਏ... !


## ਗੁਰਦੀਸ਼ ਕੌਰ ਗਰੇਵਾਲ, ਕੈਲਗਰੀ (ਕੈਨੇਡਾ)

(403 404 1450, +91 98728 60488)


ਹਰ ਬੱਚੇ ਦਾ ਪਹਿਲਾ ਅਧਿਆਪਕ ਉਸ ਦੀ ਮਾਂ ਹੁੰਦੀ ਹੈ। ਮਾਂ ਦੀਆਂ ਲੋਰੀਆਂ ਤੋਂ ਹੀ ਬੱਚੇ ਨੂੰ ਮਾਂ ਬੋਲੀ ਦਾ ਗਿਆਨ ਹੁੰਦਾ ਹੈ। ਮਾਂ ਉਸ ਨੂੰ ਚੰਗੇ ਸੰਸਕਾਰ ਦੇਣ ਦੀ ਕੋਸ਼ਿਸ਼ ਕਰਦੀ ਹੈ। ਪੰਜ ਛੇ ਸਾਲ ਦੀ ਉਮਰ ਵਿੱਚ ਜਦੋਂ ਉਹ ਸਕੂਲ ਵਿਦਿਆ ਹਾਸਲ ਕਰਨ ਜਾਂਦਾ ਹੈ ਤਾਂ ਉਸ ਨੂੰ ਅਧਿਆਪਕ ਲਿਖਣਾ ਪੜ੍ਹਨਾ ਸਿਖਾਉਂਦਾ ਹੈ। ਜਿਉਂ ਜਿਉਂ ਵੱਡਾ ਹੁੰਦਾ ਹੈ ਤਾਂ ਉਸ ਦਾ ਵੱਖ ਵੱਖ ਵਿਸ਼ੇ ਦੇ ਅਧਿਆਪਕਾਂ ਨਾਲ ਵਾਹ ਪੈਂਦਾ ਹੈ। ਵੈਸੇ ਤਾਂ ਸਾਰੇ ਅਧਿਆਪਕ ਹੀ ਸਤਿਕਾਰਯੋਗ ਹੁੰਦੇ ਹਨ- ਪਰ ਕੁੱਝ ਇੱਕ ਅਧਿਆਪਕ ਵਿਦਿਆਰਥੀ ਦੇ ਮਨ ਤੇ ਅਮਿੱਟ ਛਾਪ ਛੱਡ ਜਾਂਦੇ ਹਨ- ਜਿਹਨਾਂ ਨੂੰ ਉਹ ਸਾਰੀ ਜਿੰਦਗੀ ਨਹੀ ਭੁਲਾ ਸਕਦੇ। ਵੈਸੇ ਤਾਂ ਇਨਸਾਨ ਸਾਰੀ ਜ਼ਿੰਦਗੀ ਹੀ ਕਿਸੇ ਨਾ ਕਿਸੇ ਉਸਤਾਦ ਕੋਲੋਂ ਕੋਈ ਨਾ ਕੋਈ ਹੁਨਰ ਸਿੱਖਦਾ ਰਹਿੰਦਾ ਹੈ। ਪਰ ਅੱਜ ਮੈਂ ਕੇਵਲ ਵਿਦਿਆ (ਐਜੂਕੇਸ਼ਨ) ਦੇਣ ਵਾਲੇ ਅਧਿਆਪਕਾਂ ਦਾ ਹੀ ਜ਼ਿਕਰ ਕਰਾਂਗੀ।

ਸਾਥੀਓ- ਦੁਨੀਆਂ ਤੇ ਕੇਵਲ ਦੋ ਹੀ ਸ਼ਖਸ ਹਨ- ਜੋ ਆਪਣੇ ਤੋਂ ਵੱਧ ਬੁਲੰਦੀ ਤੇ ਪਹੁੰਚਣ ਵਾਲੇ ਬੱਚੇ ਦੀ ਦਿਲੋਂ ਖੁਸ਼ੀ ਮਨਾਉਂਦੇ ਹੋਏ, ਮਾਣ ਮਹਿਸੂਸ ਕਰਦੇ ਹਨ- ਤੇ ਉਹ ਹਨ ਸਾਡੇ ਮਾਪੇ ਤੇ ਅਧਿਆਪਕ। ਬਾਕੀ ਸਾਰੀ ਦੁਨੀਆਂ ਤਾਂ ਸਾੜੇ ਦੀ ਮਾਰੀ ਹੁੰਦੀ ਹੈ। ਮੈਂ ਆਪਣੇ ਨਿੱਜੀ ਅਨੁਭਵ ਵਿੱਚੋਂ- ਕੇਵਲ ਦੋ ਤਿੰਨ ਵਾਕਿਆ ਆਪ ਜੀ ਨਾਲ ਸਾਂਝੇ ਕਰਨੇ ਚਾਹਾਂਗੀ।

ਮੇਰੇ ਪਿੰਡ ਦੇ ਪ੍ਰਾਇਮਰੀ ਸਕੂਲ ਵਿੱਚ, ਜਿਸ ਅਧਿਆਪਕ ਨੇ ਮੈਨੂੰ ਹੱਥ ਫੜ ਕੇ ਪੈਂਤੀ ਲਿਖਣੀ ਸਿਖਾਈ- ਤੇ ਬਹੁਤ ਹੀ ਪਿਆਰ ਨਾਲ ਮਾਂ ਬੋਲੀ ਦੇ ਪਿਆਰੇ ਪਿਆਰੇ ਸੁੰਦਰ ਅੱਖਰਾਂ ਨਾਲ ਮੇਰੀ ਜਾਣ ਪਛਾਣ ਕਰਾਈ- ਮੈਂ ਉਸ ਅਧਿਆਪਕ ਨੂੰ ਅੱਜ ਤੱਕ ਨਹੀਂ ਭੁਲਾ ਸਕੀ। ਪ੍ਰਾਇਮਰੀ ਤੋਂ ਬਾਅਦ ਸ਼ਹਿਰ ਦੇ ਹਾਈ ਸਕੂਲ, ਤੇ ਫਿਰ ਕਾਲਜ ਦੀ ਪੜ੍ਹਾਈ ਪੂਰੀ ਕਰ, ਆਪ ਅਧਿਆਪਿਕਾ ਬਣ ਗਈ। ਵਿਆਹ ਹੋਇਆ ਤਾਂ ਪੰਜਾਬ ਦੇ ਮਹਾਂ ਨਗਰ ਦੀ ਵਸਨੀਕ ਬਣ ਗਈ- ਤੇ ਫਿਰ ਜ਼ਿੰਦਗੀ ਦੀ ਘੁੰਮਣ ਘੇਰੀ ਵਿੱਚ ਫਿਰਦੀ ਹੋਈ ਰਿਟਾਇਰਮੈਂਟ ਤੋਂ ਬਾਅਦ ਕੈਨੇਡਾ ਆ ਵਸੀ- ਲੇਖਿਕਾ ਵੀ ਬਣ ਗਈ- ਪਰ ਪ੍ਰਾਇਮਰੀ ਤੋਂ ਬਾਅਦ ਉਸ ਸਤਿਕਾਰਯੋਗ ਅਧਿਆਪਕ ਦੇ ਪੰਜਾਹ ਸਾਲ ਦੀਦਾਰ ਨਾ ਕਰ ਸਕੀ।

ਕੁੱਝ ਅਰਸਾ ਪਹਿਲਾਂ, ਵੈਨਕੂਵਰ ਵਿਖੇ ਮਾਸਟਰ ਜੀ ਦੇ ਪਿੰਡ ਦੇ ਕਿਸੇ ਸ਼ਖਸ ਨੇ ਜਦ ਦੱਸਿਆ ਕਿ ਉਹ ਟੋਰੰਟੋ ਵਿਖੇ ਆਪਣੇ ਬੇਟੇ ਕੋਲ ਰਹਿ ਰਹੇ ਹਨ ਤਾਂ ਮੇਰੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਮੈਂ ਉਸ ਕੋਲੋਂ ਉਹਨਾਂ ਦਾ ਕੰਟੈਕਟ ਲਿਆ ਤੇ ਟੋਰੰਟੋ ਆਪਣੀ ਬੇਟੀ ਕੋਲ ਆ ਗਈ। ਉਦੋਂ ਤੱਕ ਮੇਰੀਆਂ 3 ਪੁਸਤਕਾਂ ਛਪ ਚੁੱਕੀਆਂ ਸਨ। ਮੈਂ ਬੇਟੀ ਨੂੰ ਨਾਲ ਲੈ ਕੇ, ਉਹਨਾਂ ਨੂੰ ਮਿਲਣ ਗਈ।

ਭਾਵੇਂ ਉਹ ਉਦੋਂ ਉਮਰ ਦੇ ਅੱਠਵੇਂ ਦਹਾਕੇ ਵਿੱਚ ਪਹੁੰਚ ਚੁੱਕੇ ਸਨ ਤੇ ਗੋਡਿਆਂ ਦੀ ਤਕਲੀਫ ਦੇ ਨਾਲ ਹੋਰ ਵੀ ਕਈ ਅਲਾਮਤਾਂ ਨਾਲ ਪੀੜਿਤ ਸਨ- ਪਰ ਮੈਨੂੰ ਮਿਲ ਕੇ ਉਹਨਾਂ ਦੇ ਚੇਹਰੇ ਤੇ ਜੋ ਚਮਕ ਤੇ ਖੁਸ਼ੀ ਆਈ, ਉਸ ਦਾ ਸ਼ਬਦਾਂ ਚ ਬਿਆਨ ਕਰਨਾ ਮੁਸ਼ਕਿਲ ਹੈ।

ਉਹਨਾਂ ਆਪਣੇ ਕਾਲਜ ਪੜ੍ਹਦੇ ਪੋਤੇ ਪੋਤੀਆਂ ਨੂੰ ਬੁਲਾ ਕੇ, ਮੇਰੇ ਵਲੋਂ ਭੇਟ ਕੀਤੀਆਂ ਮੇਰੀਆਂ ਪੁਸਤਕਾਂ, ਤੇ ਹੋਰ ਤੋਹਫੇ ਦਿਖਾਉਂਦਿਆਂ ਹੋਇਆਂ ਦੱਸਿਆ ਕਿ-"ਇਹ ਮੇਰੀ ਹੋਣਹਾਰ ਵਿਦਿਆਰਥਣ ਹੁੰਦੀ ਸੀ- ਜੋ ਹਮੇਸ਼ਾ ਫਸਟ ਆਉਂਦੀ ਸੀ- ਜਿਸ ਨੂੰ ਮੈਂ ਪੰਜਾਬੀ ਲਿਖਣੀ ਸਿਖਾਈ- ਤੇ ਅੱਜ ਇਹ ਖੁਦ ਕਿਤਾਬਾਂ ਲਿਖ ਰਹੀ ਹੈ- ਜੋ ਮੇਰੇ ਲਈ ਇੱਕ ਮਾਣ ਦੀ ਗੱਲ ਹੈ!" ਤੇ ਨਾਲ ਹੀ ਉਹਨਾਂ ਮੇਰੀ ਕਲਮ ਨੂੰ ਢੇਰ ਸਾਰੀਆਂ ਦੁਆਵਾਂ ਦਿੱਤੀਆਂ।

ਮੈਂ ਵੀ ਉਹਨਾਂ ਦਾ ਅਸ਼ੀਰਵਾਦ ਪ੍ਰਾਪਤ ਕਰਕੇ, ਧੰਨ ਹੋ ਗਈ।

ਇਸੇ ਤਰ੍ਹਾਂ ਦਾ ਇਕ ਹੋਰ ਵਾਕਿਆ ਹੈ। ਮੈਂ ਉਹਨਾਂ ਦਿਨਾਂ ਵਿੱਚ ਇੰਡੀਆ ਗਈ ਹੋਈ ਸਾਂ। ਪੰਜਾਬੀ ਭਵਨ ਵਿੱਚ ਕਿਸੇ ਦਾ ਬੁੱਕ ਰਲੀਜ਼ ਸਮਾਗਮ ਸੀ। ਮੈਂ ਅਖਬਾਰ 'ਚ ਸੱਦਾ ਪੱਤਰ ਪੜ੍ਹਿਆ ਤੇ ਚਲੀ ਗਈ। ਉਥੇ ਜਾ ਕੇ ਪਤਾ ਲੱਗਾ ਕਿ ਫਿਰੋਜ਼ਪੁਰ ਦੀ ਕੋਈ ਕੁੜੀ ਆਪਣੀਆਂ ਮਿੰਨੀ ਕਹਾਣੀਆਂ ਦੀ ਪੁਸਤਕ ਰਲੀਜ਼ ਕਰਾਉਣ ਲਈ ਲੁਧਿਆਣੇ ਆਈ ਹੈ। ਖੈਰ ਪੁਸਤਕ ਬਾਰੇ ਵਿਚਾਰ ਚਰਚਾ ਹੋਈ, ਮੈਂ ਪੁਸਤਕ ਖਰੀਦ ਲਈ ਤੇ ਸਮਾਗਮ ਦੇ ਅੰਤ ਤੇ ਉਸ ਲੇਖਿਕਾ ਨੂੰ ਵਧਾਈ ਦਿੱਤੀ। ਉਸ ਮੇਰੇ ਚੇਹਰੇ ਵੱਲ ਗਹੁ ਨਾਲ ਵੇਖਿਆ ਤੇ ਕਹਿਣ ਲੱਗੀ- "ਤੁਸੀਂ ਫਿਲੌਰ ਪੜ੍ਹਾਇਆ ਮੈਡਮ ?'

"ਹਾਂ ਬੇਟੇ..!" ਮੈਂ ਹੈਰਾਨੀ 'ਚ ਉੱਤਰ ਦਿੱਤਾ।"ਤੁਸੀਂ ਗੁਰਦੀਸ਼ ਮੈਡਮ ਹੋ ਨਾ! ਮੈਂ ਤੁਹਾਡੇ ਕੋਲੋਂ ਮੈਥ ਪੜ੍ਹਦੀ ਰਹੀ ਹਾਂ!" ਕਹਿ ਉਹ ਖੁਸ਼ੀ ਵਿੱਚ ਖੀਵੀ ਹੁੰਦੀ ਹੋਈ, ਮੇਰੇ ਨਾਲ ਚਿੰਬੜ ਗਈ। ਮੈਂ ਉਸ ਨੂੰ ਗਲਵੱਕੜੀ 'ਚ ਲੈਂਦਿਆਂ ਹੋਇਆਂ, ਘੁੱਟ ਕੇ ਪਿਆਰ ਕੀਤਾ ਤੇ ਹਾਲ ਚਾਲ ਪੁੱਛਿਆ।"ਮੈਂ ਐਮ.ਏ. ਕਰ ਲਈ ਸੀ ਮੈਡਮ ਮੇਰਾ ਵਿਆਹ ਫਿਰੋਜ਼ਪੁਰ ਹੋ ਗਿਆ। ਇੱਕ ਬੇਟੀ ਵੀ ਹੈ!" ਉਹ ਇਕੋ ਸਾਹੇ ਹੀ ਸਾਰਾ ਕੁੱਝ ਦੱਸ ਗਈ। "ਤੇ ਇਹ ਲਿਖਣ ਦੀ ਲਗਨ ਕਿਵੇਂ ਲੱਗੀ ਬੇਟੇ?"


"ਤੁਸੀਂ ਕਦੇ ਕਦੇ ਸਾਨੂੰ ਕੋਈ ਕਵਿਤਾ ਵੀ ਸੁਣਾ ਦਿੰਦੇ ਸੀ ਆਪਣੀ...ਸੋ ਮੈਂਨੂੰ ਵੀ ਤੁਹਾਥੋਂ ਹੀ ਪ੍ਰੇਰਨਾ ਮਿਲੀ ਤੇ ਮੈਂ ਕਾਲਜ ਪੜ੍ਹਦਿਆਂ ਮਿੰਨੀ ਕਹਾਣੀਆਂ ਲਿਖਣ ਲਗ ਗਈ!" ਸੁਣ ਕੇ ਮੇਰਾ ਸਿਰ ਮਾਣ ਨਾਲ ਹੋਰ ਉੱਚਾ ਹੋ

ਗਿਆ।ਅੱਜ ਜਦੋਂ ਦੇਸ਼ ਵਿਦੇਸ਼ ਦੇ ਅਖਬਾਰਾਂ, ਰਸਾਲਿਆਂ ਤੇ ਕਈ ਚੈਨਲਾਂ ਤੇ ਮਨਪ੍ਰੀਤ ਕੌਰ ਭਾਟੀਆ, ਫਿਰੋਜ਼ਪੁਰ-ਦੀਆਂ ਕਹਾਣੀਆਂ ਪੜ੍ਹਦੀ ਸੁਣਦੀ ਹਾਂ- ਤਾਂ ਉਸ ਦੀ ਕਲਮ ਦੀ ਦਾਦ ਦਿੰਦੀ ਹੋਈ, ਇੱਕ ਫ਼ਖ਼ਰ ਮਹਿਸੂਸ ਕਰਦੀ ਹਾਂ ਕਿ- "ਇਹ ਮੇਰੀ ਵਿਦਿਆਰਥਣ ਹੈ!"

ਇਸੇ ਤਰ੍ਹਾਂ ਮੇਰੀ ਇੱਕ ਹੋਰ ਵਿਦਿਆਰਥਣ ਇੱਕ ਵਾਰੀ ਗੁਰੂ ਘਰ ਮਿਲੀ- ਜੋ ਕੇਸਗੀ ਸਜਾਈ, ਆਪਣੇ ਅਮ੍ਰਿਤਧਾਰੀ ਸਹੁਰੇ ਪਰਿਵਾਰ ਨਾਲ ਕਿਸੇ ਸਮਾਗਮ ਤੇ ਆਈ ਸੀ। ਮੈ ਤਾਂ ਉਸ ਨੂੰ ਨਹੀ ਪਹਿਚਾਣ ਸਕੀ- ਪਰ ਉਸ ਨੇ ਵੀ ਮੈਨੂੰ ਪਹਿਚਾਣ ਲਿਆ ਤੇ ਕਹਿਣ ਲੱਗੀ- "ਮੈਡਮ ... ਮੈ ਜਸਜੀਤ ... ਜਿਸ ਨੂੰ ਪਲੱਸ ਵਨ ਵਿਚ ਫਿਲੌਰ ਪੜ੍ਹਦਿਆਂ ਤੁਸੀਂ ਤੇ ਹੋਮ ਸਾਇੰਸ ਵਾਲੇ ਮੈਡਮ ਨੇ ਭਾਸ਼ਣ ਤਿਆਰ ਕਰਵਾਇਆ ਸੀ ... ਤੇ ਜਦੋਂ ਮੈ ਤਹਿਸੀਲ ਤੇ ਜ਼ਿਲੇ ਵਿਚੋਂ ਫਸਟ ਰਹੀ ... ਤਾਂ ਤੁਸੀਂ ਆਪਣੀ ਕਾਰ ਵਿਚ, ਆਪਣੇ ਹਸਬੈਂਡ ਨੂੰ ਨਾਲ ਲੈ ਕੇ, ਮੈਨੂੰ ਚੰਡੀਗੜ ਲੈ ਕੇ ਗਏ ਸੀ ... ਸਟੇਟ ਲੈਵਲ ਤੇ ਭਾਗ ਲੈਣ ਲਈ!"

ਤਾਂ ਮੈਨੂੰ ਉਸ ਹੋਣਹਾਰ ਵਿਦਿਆਰਥਣ ਦੇ ਭਾਸ਼ਣ ਕਲਾ ਵਿਚ ਨਿਪੁੰਨ ਹੋਣ ਤੇ ਮਾਣ ਮਹਿਸੂਸ ਹੋਇਆ- ਤੇ ਮੈ ਉਸ ਨੂੰ ਮੋਹ ਭਿਜੀਆਂ ਢੇਰ ਸਾਰੀਆਂ ਅਸੀਸਾਂ ਦਿੱਤੀਆਂ।

ਸੋ ਅੰਤ ਤੇ ਇਹੀ ਕਹਾਂਗੀ ਕਿ-ਅਧਿਆਪਕ ਤਾ ਮਲਾਹ ਹੁੰਦਾ ਏ। ਭਰ ਭਰ ਬੇੜੀ ਪੂਰ ਬਣਾ ਕੇ, ਅਗਲੇ ਕੰਢੇ ਲਾਈ ਜਾਣਾ। ਦੂਰੋਂ ਹੀ ਮੁਸਕਾਈ ਜਾਣਾ!



## ਗ਼ਜ਼ਲ

ਡਾ. ਗੁਰਭਜਨ ਸਿੰਘ ਗਿੱਲ, ਲੁਧਿਆਣਾ (ਭਾਰਤ)

ਅਪਣੀ ਜਾਚੇ ਉਹ ਤਾਂ ਵੱਡੇ ਘਰ ਜਾਂਦਾ ਹੈ।
ਵਿਚ ਸਮੁੰਦਰ ਜਾ ਕੇ ਦਰਿਆ ਮਰ ਜਾਂਦਾ ਹੈ।
ਗਰਦਨ ਸਿੱਧੀ ਰੱਖਣ ਦਾ ਮੁੱਲ ਤਾਰ ਰਹੇ ਹਾਂ,
ਬੇਸ਼ਰਮਾਂ ਦਾ ਨੀਵੀਂ ਪਾ ਕੇ ਸਰ ਜਾਂਦਾ ਹੈ।

ਇਹ ਜੋ ਆਤਿਸ਼ਬਾਜ਼ੀ ਸਾਨੂੰ ਵੇਚ ਰਿਹਾ ਏ,
ਅਪਣੀ ਚੀਚੀ ਝੁਲਸ ਜਾਣ ਤੇ ਡਰ ਜਾਂਦਾ ਹੈ।
'ਅੱਤ' ਨੂੰ 'ਅੰਤ' ਬਣਾਵੇ ਆਖ਼ਰ ਕਹਿਰ ਖ਼ੁਦਾਈ,
ਜਬਰ ਜਰਦਿਆਂ ਸਬਰ ਪਿਆਲਾ ਭਰ ਜਾਂਦਾ ਹੈ।



ਮਾਂ ਬੋਲੀ, ਮਾਂ ਜਣਨੀ, ਧਰਤੀ ਮਾਤਾ ਕੋਲੋਂ,
ਟੁੱਟ ਕੇ ਬੰਦਾ, ਮਰਦਾ ਮਰਦਾ ਮਰ ਜਾਂਦਾ ਹੈ।
ਬਹੁਤੀ ਵਾਰੀ ਜਾਗਦਿਆਂ ਨਹੀਂ ਹਿੰਮਤ ਪੈਂਦੀ,
ਸੁਪਨੇ ਅੰਦਰ ਜੋ ਕੁਝ ਬੰਦਾ ਕਰ ਜਾਂਦਾ ਹੈ।

ਸੋਚ ਵਿਚਾਰਾਂ ਕਰਦਾ ਡੁੱਬਿਆਂ ਵੇਖ ਲਵੋ ਮੈਂ,
ਸੱਖਣਾ ਭਾਂਡਾ ਪਾਣੀ ਉੱਤੇ ਤਰ ਜਾਂਦਾ ਹੈ।
ਉੱਚੀ ਉੱਚੀ ਬੋਲ ਰਿਹਾ ਏਂ, ਇਹ ਨਾ ਭੁੱਲੀਂ,
ਦਿਲ ਮਾਸੂਮ ਪਰਿੰਦਾ, ਏਦਾਂ ਡਰ ਜਾਂਦਾ ਹੈ ।

ਮਿਲ ਕੇ ਵੀ ਨਾ ਮਿਲਣਾ ਹੈ ਕੁਝ ਇਸ ਤਰ੍ਹਾਂ ਹੀ,
ਜਿਉਂ ਤਿੱਤਲੀ ਅੰਗਿਆਰ ਤੇ ਕੋਈ ਧਰ ਜਾਂਦਾ
ਹੈ।ਰੱਬਾ! ਰੱਬਾ! ਕੂਕਦਿਆਂ ਪਿੰਡ ਮਰ ਚੱਲੇ ਨੇ,
ਕਾਲ਼ਾ ਬੱਦਲ ਸ਼ਹਿਰਾਂ ਉੱਤੇ ਵਰ੍ਹ ਜਾਂਦਾ ਹੈ ।

ਆਮ ਕਹਾਵਤ ਪਹਿਲਾਂ ਵਾਲੀ ਬਦਲ ਗਈ ਏ,
ਅਕਲ ਮਿਲੇ, ਲੱਕੜੀ ਬਿਨ ਲੋਹਾ ਤਰ ਜਾਂਦਾ ਹੈ।
ਦਿਲ ਨੂੰ ਦੌਲਤ ਏਨੀ ਵੀ ਨਾ ਬਖਸ਼ ਦਿਆ ਕਰ,
ਛੋਟਾ ਬਰਤਨ, ਕੰਢਿਆਂ ਤੀਕਰ ਭਰ ਜਾਂਦਾ ਹੈ[

ਤੀਰ ਅਤੇ ਤਲਵਾਰ ਜਿਸਮ ਨੂੰ ਕੁਝ ਨਹੀਂ ਕਹਿੰਦੇ,
ਅਪਣੀ ਨਜ਼ਰੋਂ ਗਿਰ ਕੇ ਬੰਦਾ ਮਰ ਜਾਂਦਾ ਹੈ।
ਡੋਲ ਰਿਹਾ ਮਨ ਟਿਕ ਜਾਂਦੈ, ਮੈਂ ਕੀਕਣ ਦੱਸਾਂ,
ਤੇਰਾ ਇਕ ਧਰਵਾਸਾ ਕੀ ਕੁਝ ਕਰ ਜਾਂਦਾ ਹੈ।



# ਸ਼ਬਦ-ਗੁਰੂ ਤੋਂ ਟੁੱਟਿਆ ਮਨੁੱਖ

ਬੁੱਧ ਸਿੰਘ ਨੀਲੋਂ (ਭਾਰਤ) - 94643-70823

ਮਨੁੱਖ ਜਦ ਤੁਰਦਾ ਹੈ ਤਾਂ ਉਸਦੇ ਨਾਲ ਨਾਲ ਸ਼ਬਦ ਤੁਰਦਾ ਹੈ। ਸ਼ਬਦ ਵੀ ਸਫਰ ਕਰਦੇ ਹਨ ਪਰ ਸ਼ਬਦਾਂ ਦਾ ਕੋਈ ਸਫਰਨਾਮਾ ਨਹੀਂ ਲਿਖਦਾ। ਮਨੁੱਖ ਨੇ ਜਦ ਵੀ ਸਫਰਨਾਮਾ ਲਿਖਿਆ ਉਸਨੇ ਆਪਣੇ ਝੂਠ ਨੂੰ ਸੱਚ ਬਣਾਇਆ ਹੈ। ਪਰ ਸ਼ਬਦ ਕਦੇ ਵੀ ਝੂਠ ਨਹੀਂ ਬੋਲਦੇ। ਮਨੁੱਖ ਬੋਲ ਬਾਣੀ ਤੋਂ ਪਰਖਿਆ ਜਾਂਦਾ ਹੈ। ਮਾਹਿਰ ਸ਼ਬਦਾਂ ਦੇ ਪੈਰ ਨੱਪਦੇ ਸੱਚ ਤੱਕ ਪੁਜ ਜਾਂਦੇ ਹਨ। ਗੁਰੂ ਨਾਨਕ ਤੋਂ ਗੁਰੂ ਗੋਬਿੰਦ ਸਿੰਘ ਤਕ ਸਭ ਨੇ ਸਾਨੂੰ ਸ਼ਬਦ ਦੇ ਨਾਲ ਜੋੜਿਆ। ਸ਼ਬਦ ਤੇ ਸੰਗੀਤ ਮਨੁੱਖਤਾ ਦਾ ਬਿਰਤਾਂਤ ਸਿਰਜਦੇ ਹਨ।

ਗੁਰੂ ਬਣ ਕੇ ਉਹ ਸ਼ਬਦ ਨਹੀਂ ਰਹਿੰਦਾ ਸਗੋਂ ਗੁਰੂ ਹੋ ਜਾਂਦਾ ਹੈ। ਪਰ ਅਸੀਂ ਸ਼ਬਦ ਨੂੰ ਗੁਰੂ ਨਹੀਂ ਮੰਨਿਆ ਤਾਂ ਹੀ ਅਸੀਂ ਸੰਤਾਪ ਭੋਗ ਰਹੇ ਹਾਂ। ਗੁਰੂ ਜਦੋਂ ਸ਼ਬਦ ਰਾਹੀਂ ਸਾਡੇ ਅੰਦਰ ਵਾਸ ਕਰਦਾ ਹੈ ਤਾਂ ਅੰਦਰ ਨਿਰਮਲ, ਨਿਰਛਲ, ਨਿਰਵੈਰ ਤੇ ਭੈਅ-ਰਹਿਤ ਹੋ ਜਾਂਦਾ ਹੈ। ਉਸ ਸਮੇਂ **'ਤੂੰ ਹੀ ਤੂੰ'** ਹੁੰਦਾ ਹੈ, ਪਰ ਇਹ ਦੌਰ ਮਨੁੱਖ ਦੇ ਹਿੱਸੇ ਬਹੁਤ ਘੱਟ ਆਉਂਦਾ ਹੈ।

ਜਦੋਂ ਮਨੁੱਖ ਸ਼ਬਦ-ਗੁਰੂ ਤੱਕ ਪੁੱਜਦਾ ਹੈ ਤਾਂ ਸੰਸਾਰਿਕ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ। ਪਰ ਮਨੁੱਖ ਸ਼ਬਦ-ਗੁਰੂ ਤੋਂ ਪਿੱਛੇ ਰਹਿ ਜਾਂਦਾ ਹੈ। ਸ਼ਬਦ ਸਾਨੂੰ ਗਿਆਨ ਨਾਲ ਜੋੜ ਕੇ ਧਿਆਨ ਵੱਲ ਲੈ ਜਾਂਦਾ ਹੈ ਪਰ ਧਿਆਨ ਕਰਦਿਆਂ ਅੰਦਰ ਸੁਪਨਿਆਂ ਦੀ ਤਾਕੀ ਖੁੱਲ੍ਹ ਜਾਂਦੀ ਹੈ ਜਿਹੜੀ ਧਿਆਨ ਤੋਂ ਸਮਾਧੀ ਤੱਕ ਦੇ ਸਫ਼ਰ ਵਿੱਚ ਰੁਕਾਵਟ ਬਣਦੀ ਹੈ। ਅਸੀਂ ਅੰਦਰ ਦੀ ਬਜਾਏ ਬਾਹਰ ਸੰਸਾਰ ਵੱਲ ਦੇਖਦੇ ਹਾਂ। ਧਿਆਨ ਨਹੀਂ ਰਹਿੰਦਾ।

ਸੰਸਾਰ ਖੂਬਸੂਰਤ ਨਜ਼ਰ ਆਉਂਦਾ ਹੈ ਪਰ ਉਹ ਸੁਪਨਾ ਹੈ ਤੇ ਅਸੀਂ ਸੁਪਨਿਆਂ ਵਿੱਚ ਜਿਉਣ ਦੇ ਆਦੀ ਹੋ ਜਾਂਦੇ ਹਾਂ ਤੇ ਇਸੇ ਵਿਚ ਹੀ ਜੀਦੇਂ ਤੇ ਮਰਦੇ ਹਾਂ।ਸੰਸਾਰ ਨਾਲ ਜੁੜਿਆ ਮਨੁੱਖ ਧਿਆਨ ਨਹੀਂ ਲਗਾ ਸਕਦਾ।ਪਦਾਰਥਾਂ ਦਾ ਮੋਹ, ਲਾਲਚ, ਤ੍ਰਿਸ਼ਨਾ, ਦੁੱਖ, ਹਉਮੈ ਉਸ ਨੂੰ ਆਪਣੀ ਗ੍ਰਿਫਤ 'ਚੋਂ ਮੁਕਤ ਨਹੀਂ ਹੋਣ ਦਿੰਦੇ।ਮੁਕਤੀ ਲਈ ਸਾਨੂੰ ਖ਼ੁਦ 'ਮੁਕਤ' ਹੋਣਾ ਪੈਂਦਾ ਹੈ।ਕੁੱਝ ਪ੍ਰਾਪਤ ਕਰਨ ਲਈ ਸਾਨੂੰ ਕੁੱਝ ਦੇਣਾ ਤੇ ਛੱਡਣਾ ਤਾਂ ਪਵੇਗਾ।



ਇਹ ਲੈਣ-ਦੇਣ ਦਾ ਚੱਕਰ ਸਾਨੂੰ ਘੁੰਮਾਈ ਰੱਖਦਾ ਹੈ ਤੇ ਬਾਹਰ ਨਹੀ ਆਇਆ ਜਾਂਦਾ। ਜੌ ਜ਼ਿੰਦਗੀ ਨੂੰ ਕਰਤਾਰੀ ਬਣਾਉਦੇ ਹਨ, ਉਹੋ ਗੁਰੂ ਨੂੰ ਮਿਲਦੇ ਹਨ। ਜਦੋਂ ਤੁਸੀਂ ਕਬਜ਼ਾ ਕਰਦੇ ਹੋ, ਸ਼ਬਦ ਨਾਲੋਂ ਟੁੱਟ ਕੇ ਸੰਸਾਰ ਨਾਲ ਜੁੜ ਜਾਂਦੇ ਹੋ। ਇਹ ਸਾਨੂੰ ਸੰਸਾਰ ਦੇ ਧੁਰ ਅੰਦਰ ਲੈ ਜਾਂਦਾ ਹੈ ਤੇ ਮਨੁੱਖ ਸ਼ਬਦ ਦੀ ਪ੍ਰਵਾਹ ਨਹੀਂ ਕਰਦਾ।

ਉਹ ਵਕਾਰ ਦੀ ਬਦੌਲਤ ਆਪਣੇ ਆਲੇ-ਦੁਆਲੇ ਅਜਿਹਾ ਜੰਗਲ ਉਗਾਉਂਦਾ ਹੈ ਜੋ ਉਸ ਦੁਆਲੇ ਕੰਡਿਆਲੀ ਤਾਰ ਬਣ ਜਾਂਦਾ ਹੈ। ਉਸ ਦੀ ਹਾਲਤ ਮੱਕੜੀ ਦੇ ਜਾਲ ਵਰਗੀ ਹੁੰਦੀ ਹੈ ਤੇ ਖ਼ੁਦ ਜਾਲ ਵਿੱਚ ਫਸ ਜਾਂਦਾ ਹੈ। ਜਦੋਂ ਕੋਈ ਇਸ ਭਵ-ਸਾਗਰ ਵਿੱਚ ਫਸ ਜਾਂਦਾ ਹੈ ਤਾਂ ਉਸ ਦੇ ਮਿੱਤਰ ਹੀ ਦੁਸ਼ਮਣ ਬਣ ਕੇ ਉਸਦੀ ਮਜਬੂਰੀ ਦਾ ਲਾਭ ਉਠਾਉਂਦੇ ਹਨ। ਉਸ ਦੀ ਦੌਲਤ ਨੂੰ ਲੁੱਟਦੇ ਹਨ ਜਿਸ ਦਾ ਬਾਹਰੀ ਰੂਪ ਹੋਰ ਤੇ ਅੰਦਰਲਾ ਰੂਪ ਹੋਰ ਹੁੰਦਾ ਹੈ।

ਸਾਨੂੰ ਗੁਰੂ ਸਾਹਿਬ ਨੇ ਸਮਝਾਇਆ ਸੀ ਕਿ ਦੇਹ ਨਹੀਂ ਸਗੋਂ ਤੁਹਾਡਾ ਸ਼ਬਦ ਹੀ ਗੁਰੂ ਹੈ, ਪਰ ਅਸੀਂ ਗੁਰੂ ਦਾ ਹੁਕਮ ਭੁੱਲ ਗਏ ਹਾਂ। ਪਤਾ ਹੀ ਨਹੀਂ ਲੱਗਿਆ ਕਿ ਕਦੋਂ ਸ਼ਬਦ ਗੁਰੂ ਨਾਲੋਂ ਟੁੱਟ ਗਏ। ਅਸੀਂ ਸ਼ਬਦ ਦੀ ਜਗ੍ਹਾ ਦੇਹ ਨੂੰ ਪ੍ਰੇਮ ਕਰਦੇ ਹਾਂ। ਇਹ ਸਫਰ ਥੋੜ੍ਹਾ ਹੀ ਹੈ ਪਰ ਅਸੀਂ ਸ਼ਬਦ ਗੁਰੂ ਤੋਂ ਬਹੁਤ ਦੂਰ ਹੋ ਗਏ ਹਾਂ।ਦੂਰ ਕਿਉਂ ਹੋਏ ਜਾਂ ਕਿਸੇ ਨੇ ਕੀਤਾ, ਅਸੀਂ ਸਵਾਲ ਹੀ ਨਹੀਂ ਕੀਤਾ। ਸਾਡੇ ਹੰਕਾਰਾਂ ਨੇ ਸਾਨੂੰ ਦੇਹ ਨਾਲ ਜੋੜਿਆ, ਸ਼ਬਦ-ਗੁਰੂ ਨਾਲੋਂ ਤੋੜਿਆ ਹੈ। ਇਸ ਵਿੱਚ ਉਹ ਵੀ ਓਨੇ ਹੀ ਕਸੂਰਵਾਰ ਹਨ, ਜਿਨਾਂ ਨੇ ਮਨੁੱਖ ਨੂੰ ਸ਼ਬਦ-ਗੁਰੂ ਨਾਲੋਂ ਤੋੜਿਆ। ਇਸੇ ਕਰਕੇ ਪਿੰਡਾਂ ਤੇ ਸ਼ਹਿਰਾਂ ਵਿੱਚ ਵੱਖੋ-ਵੱਖ ਨਾਵਾਂ ਹੇਠ ਬਹੁਤ ਕੁੱਝ ਉੱਗ ਆਇਆ ਹੈ, ਜਿਨਾਂ ਵਿੱਚੋਂ ਜਾਤ-ਪਾਤ ਦੀ ਬੋਅ ਆਉਂਦੀ ਹੈ।

'ਗੁਰੂ ਸ਼ਬਦ' ਨੇ ਤਾਂ ਨਿਮਾਣਿਆਂ-ਨਿਤਾਣਿਆਂ ਨੂੰ ਸ਼ਕਤੀ ਪ੍ਰਦਾਨ ਕੀਤੀ। ਜਾਤ-ਪਾਤ ਤੇ ਊਚ-ਨੀਚ ਦਾ ਉਹ ਵਰਕਾ ਹੀ ਪਾੜ ਦਿੱਤਾ ਸੀ ਜਿਹੜਾ ਅੱਜ ਪਿੰਡ-ਪਿੰਡ ਥੋਹਰ ਬਣ ਕੇ ਉੱਗ ਆਇਆ ਹੈ। ਇਨ੍ਹਾਂ ਦੇ ਕੰਡੇ ਸਾਡੇ ਚੁੱਭਦੇ ਹਨ ਪਰ ਅਸੀਂ ਇਨ੍ਹਾਂ ਕੰਡਿਆ ਨੂੰ ਗਲੇ ਲਾ ਲਿਆ ਹੈ। ਇਸ ਨੂੰ ਪਾਣੀ ਵੀ ਉਨ੍ਹਾਂ ਨੇ ਦਿੱਤਾ, ਜਿਹੜੇ ਆਪਣੇ ਲਈ ਉਹਨਾਂ ਦਾ ਸਹਾਰਾ ਲੈ ਰਹੇ ਸਨ। ਕੱਲ੍ਹ ਜਿਹੜੇ ਹਾਕਮ ਸਨ ਅੱਜ ਇਸੇ ਕਟਹਿਰੇ 'ਚ ਖੜੇ ਹਨ।

ਇਹ ਠੇਸ ਹੁਣ ਮਨਾਂ ਅੰਦਰ ਹੁੰਦੀ ਮੜ੍ਹੀਆਂ ਤੱਕ ਵੀ ਪੁੱਜ ਗਈ ਹੈ। ਹੁਣ ਪਿੰਡਾਂ ਵਿੱਚ ਹੋਰ ਥੋਹਰਾਂ ਦੀ ਭਰਮਾਰ ਹੈ। ਡਰ ਤੇ ਲਾਲਚ ਨਾਲ ਕੋਈ ਸ਼ਬਦ ਗੁਰੂ ਨਾਲ ਨਹੀਂ ਜੁੜ ਸਕਦਾ। ਨਾ ਹੀ ਸਿਰੋਪਾ ਪਾਉਣ ਨਾਲ ਕੋਈ ਗੁਰੂ ਦੇ ਮਾਰਗ ਦਾ ਪਾਂਧੀ ਬਣ ਸਕਦਾ ਹੈ। ਇਸ ਦਰਦ ਉੱਤੇ ਬੜੀ ਦੇਰ ਪਹਿਲਾਂ ਲਾਲ ਸਿੰਘ ਦਿਲ ਦੀ ਲਿਖੀ ਕਵਿਤਾ 'ਜਾਤ' ਦੇ ਬੋਲ ਹਨ: "ਮੈਨੂੰ ਪਿਆਰ ਕਰਦੀ ਏਂ ਪਰ-ਜਾਤ ਕੁੜੀਏ, ਸਾਡੇ ਸਕੇ ਮੁਰਦੇ ਵੀ ਇੱਕ ਥਾਂ ਨਹੀਂ ਜਲਾਏ ਜਾਂਦੇ।"

ਜਾਤਾਂ ਦੀਆਂ ਥੋਹਰਾਂ ਹੁਣ ਨਾਸੂਰ ਬਣ ਗਈਆਂ ਹਨ। ਨੀਵੀਆਂ ਜਾਤੀਆਂ ਨੂੰ ਡਾਂਗ ਦੇ ਜ਼ੋਰ ਨਾਲ ਸ਼ਬਦ-ਗੁਰੂ ਨਾਲੋਂ ਤੋੜਿਆ ਜਾ ਰਿਹਾ ਹੈ। ਉਹ ਨਹੀਂ ਚਾਹੁੰਦੇ ਕਿ ਇਹ ਨੀਵੀਆਂ ਜਾਤਾਂ ਵਾਲੇ ਸਾਡੇ ਨਾਲ ਆ ਰਲਣ। ਜੇ ਇਹ 'ਨਿੱਕੀਆਂ ਜਾਤਾਂ' 'ਸ਼ਬਦ ਗੁਰੂ' ਦੇ ਲੜ ਲੱਗ ਗਈਆਂ ਤਾਂ ਇੱਕ ਦਿਨ ਇਹ ਆਪਣਾ ਹਿੱਸਾ ਵੀ ਮੰਗਣਗੀਆਂ। ਹੁਣ ਇਸ ਜਾਤ-ਪਾਤ ਨੂੰ ਉਤਸ਼ਾਹਿਤ ਕਰ ਕੇ ਜਾਤਾਂ-ਨਸਲਾਂ ਵਿੱਚ ਵੰਡਿਆ ਜਾ ਰਿਹਾ ਹੈ। ਹੁਣ ਲਿਆਕਤ ਨਹੀਂ, ਜਾਤ ਪਰਖੀ ਜਾਂਦੀ ਹੈ। ਠੱਪਾ ਲਾਇਆ ਜਾਂਦਾ ਹੈ ਊਚ ਤੇ ਨੀਚ ਦਾ। ਅਸੀਂ ਆਧੁਨਿਕ ਦੌਰ ਵਿੱਚੋਂ ਲੰਘ ਰਹੇ ਹਾਂ। ਸਾਇੰਸ ਨੇ ਮਨੁੱਖ ਦੀਆਂ ਬਾਹਰੀ ਦੂਰੀਆਂ ਘੱਟ ਕਰ ਦਿੱਤੀਆਂ, ਪਰ ਅੰਦਰਲੀਆਂ ਵਧਾਈਆਂ ਹਨ। ਸਾਇੰਸ ਨੇ ਤਰੱਕੀ ਦੀਆਂ ਬੁਲੰਦੀਆਂ ਛੋਹ ਲਈਆਂ, ਪਰ ਅਸੀਂ ਅਜੇ ਵੀ ਸਤਾਰਵੀਂ ਸਦੀ ਦੀਆਂ ਰੂੜ੍ਹੀਆਂ ਨਾਲ ਜੁੜਦੇ ਜਾ ਰਹੇ ਹਾਂ। ਗੁਰੂ ਸਾਹਿਬ ਨੇ ਤੇ ਆਖਿਆ ਸੀ:

**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ।**


ਪਰ ਅਸੀਂ ਇਸ ਵਿਚਾਰਧਾਰਾ ਦਾ ਕਤਲ ਕਰ ਰਹੇ ਹਾਂ ਤੇ ਕਾਤਲ ਨਹੀਂ ਅਖਵਾਉਦੇ, ਕੇਹੀ ਵਿਡੰਬਨਾ ਹੈ! ਹੁਣ ਨਾ ਕੋਈ ਅਬਦਾਲੀ ਹੈ, ਨਾ ਜ਼ਕਰੀਆ ਹੈ। ਹੁਣ ਤਾਂ ਆਪਣਿਆਂ ਦੀ ਆਪਣਿਆਂ ਨਾਲ ਜੰਗ ਹੈ, ਜਿਸ ਵਿੱਚ ਬਾਲਣ ਆਮ ਲੋਕ ਬਣ ਰਹੇ ਹਨ। ਇਨਾਂ ਨੂੰ ਅਜੇ ਵੀ ਰੋਜ਼ੀ ਰੋਟੀ ਦਾ ਫਿਕਰ ਵੱਢ-ਵੱਢ ਖਾ ਰਿਹਾ ਹੈ। ਇਹ ਫਿਕਰ ਦੀ ਪੰਡ ਉਨਾਂ ਦੇ ਸਿਰ ਤੋਂ ਕਿਸੇ ਨੇ ਨਹੀਂ ਉਤਾਰਨੀ। ਇਹ ਤਾਂ ਉਨ੍ਹਾਂ ਅੰਦਰ ਦਬੀ ਉਸ ਸ਼ਕਤੀ ਨੇ ਉਤਾਰਨੀ ਹੈ ਜਿਸਨੂੰ ਮਨੁੱਖ ਭੁੱਲ ਗਿਆ ਹੈ।

ਚਿੜੀਆਂ ਨੂੰ ਬਾਜ਼ਾਂ ਤੋਂ ਡਰ ਲਗਦਾ ਹੈ, ਜਿਹੜੀਆਂ ਸਦਾ ਬਾਜ਼ਾਂ ਦਾ ਭੋਜਨ ਬਣਦੀਆਂ ਰਹੀਆਂ ਤੇ ਬਣ ਰਹੀਆਂ ਹਨ। ਪਰ ਸ਼ਬਦ-ਗੁਰੂ ਜਿਉਂਦਾ ਰਹਿੰਦਾ ਹੈ ਤੇ ਰਹੇਗਾ। ਆਖਦੇ ਹਨ ਕਿ ਸਿਆਸਤ, ਜੰਗ ਤੇ ਪਿਆਰ ਵਿੱਚ ਸਭ ਕੁੱਝ ਜਾਇਜ਼ ਹੁੰਦਾ ਹੈ। ਹਰ ਜਾਇਜ਼ ਗੱਲ ਕਿਸੇ ਵਾਸਤੇ ਨਜਾਇਜ਼ ਵੀ ਹੋ ਸਕਦੀ ਹੈ। ਹੁਣ ਇਹ ਉੱਡਦੇ ਬਾਜ਼ਾਂ ਮਗਰ ਜਾਣਗੇ ਜਿਨਾਂ ਦਾ ਮਨ ਦਾ ਚੈਨ ਖੁਸ ਗਿਆ ਹੈ। ਇਹ ਉਹ ਹੈ ਜੋ ਪਹਿਲਾਂ ਕਦੇ ਵੀ ਨਹੀਂ ਹੋਇਆ।

ਮਨੁੱਖ ਨੂੰ ਕਦੋਂ ਸਮਝ ਆਵੇਗੀ, ਜਿਸ ਹਉਮੈ ਦੀ ਪੰਡ ਚੁੱਕੀ ਤੇ ਨਫ਼ਰਤ ਦੀ ਤਲਵਾਰ ਫੜੀ ਹੈ। ਉਸਦਾ ਆਪਣਾ ਸ਼ਰੀਰ ਵੀ ਆਪਣਾ ਨਹੀਂ ਹੈ, ਇਹ ਵੀ ਮਾਂ-ਬਾਪ ਪਾਸੋਂ ਉਧਾਰ ਲਿਆ। ਆਓ ਮੁਕਤ ਹੋਈਏ, ਆਪਣੇ ਅੰਦਰ ਝਾਤੀ ਮਾਰੀਏ, ਪਛਾਣੀਏ ਅਸੀਂ ਕੌਣ ਹਾਂ। ਸ਼ਬਦ-ਗੁਰੂ ਦੇ ਅਰਥ ਜਾਣੀਏ ਤੇ ਉਸ ਦੇ ਉਪਦੇਸ਼ ਨੂੰ ਜ਼ਿੰਦਗੀ 'ਚ ਵਸਾਈਏ। ਸ਼ਬਦ ਬਿਨਾਂ ਇਹ ਸੰਸਾਰ ਵਿਚ ਹਨੇਰਾ ਹੈ। ਸ਼ਬਦ ਹੀ ਚਾਨਣ ਹੈ। ਅਸੀਂ ਚੋਣ ਕਰਨੀ ਹੈ ਕਿ ਅਸੀਂ ਕਿਹੜੇ ਰਸਤੇ ਤੁਰਨਾ ਹੈ।

ਸਾਡੀ ਮੁਕਤੀ ਸ਼ਬਦ-ਗੁਰੂ ਨਾਲ ਜੁੜਿਆ ਹੀ ਹੋਣੀ ਹੈ। ਸ਼ਬਦ-ਗੁਰੂ ਨਾਲੋਂ ਟੁੱਟਿਆ ਮਨੁੱਖ ਨਾ ਘਰ ਦਾ ਨਾ ਘਾਟ ਦਾ ਰਹਿੰਦਾ ਹੈ। ਸ਼ਬਦ-ਗੁਰੂ ਤੋਂ ਦੂਰੀ ਸਾਨੂੰ ਖਤਮ ਕਰ ਦੇਵੇਗੀ।

# ਡਾ: ਸਵੈਮਾਨ ਸਿੰਘ, ਇੱਕ ਨਿਸ਼ਕਾਮ ਸੇਵਾਦਾਰ




ਅਮ੍ਰਿਤਸਰ ਨਿਵਾਸੀ ਡਾ. ਸਵੈਮਾਨ ਸਿੰਘ ਜਦੋਂ 10 ਸਾਲ ਦੇ ਸੀ ਤਾਂ ਉਹ ਆਪਣੇ ਪਰਿਵਾਰ ਨਾਲ ਅਮਰੀਕਾ ਆ ਗਏ। ਉਨ੍ਹਾਂ ਨੇ ਨਿਊ ਜਰਸੀ ਵਿੱਚ ਪੜ੍ਹਾਈ ਕੀਤੀ ਅਤੇ ਰਟਗਰਜ਼ ਯੂਨੀਵਰਸਿਟੀ ਤੋਂ ਮੈਡੀਕਲ ਡਿਗਰੀ ਪ੍ਰਾਪਤ ਕੀਤੀ। ਫਿਰ ਫਿਲਾਡੇਲਫੀਆ ਵਿੱਚ ਆਪਣੀ ਅਗਲੀ ਪੜ੍ਹਾਈ ਪੂਰੀ ਕੀਤੀ।

ਦੁਨੀਆ ਭਰ ਵਿੱਚ ਦਿਲ ਦੀਆਂ ਬਿਮਾਰੀਆਂ ਸਾਲਾਨਾ ਦੋ ਕਰੋੜ ਮੌਤਾਂ ਲਈ ਜ਼ਿੰਮੇਵਾਰ ਹਨ। ਲਗਭਗ ਚਾਰ ਕਰੋੜ ਅਪਾਹਜ ਹੋ ਰਹੇ ਹਨ, ਜਿਹੜੇ ਜ਼ਿਆਦਾਤਰ ਘੱਟ ਅਤੇ ਮੱਧ-ਆਮਦਨ ਵਾਲੇ ਲੋਕਾਂ ਵਾਲੇ ਦੇਸ਼ਾਂ ਵਿੱਚ ਹਨ। ਡਾ. ਸਵੈਮਾਨ ਸਿੰਘ ਨੇ 2012 ਵਿੱਚ ਇਸ ਸੰਕਟ ਨਾਲ ਨਜਿੱਠਣ ਲਈ ਨਿਊ ਜਰਸੀ ਵਿਚ "ਫਾਈਵ ਰਿਵਰਜ਼ ਹਾਰਟ ਐਸੋਸੀਏਸ਼ਨ" ਦੀ ਸਥਾਪਨਾ ਕੀਤੀ।

ਮਰੀਜ਼ਾਂ ਦੀ ਸਕ੍ਰੀਨਿੰਗ ਅਤੇ ਦਵਾਈ ਉਨ੍ਹਾਂ ਪੰਜਾਬ ਦੇ ਪੇਂਡੂ ਖੇਤਰਾਂ ਤੋਂ ਸ਼ੁਰੂ ਕੀਤੀ। ਦਿਲ, ਪੇਟ, ਗੁਰਦਿਆਂ ਤੇ ਹੋਰ ਕਈ ਬੀਮਾਰੀਆਂ ਦਾ ਇਲਾਜ ਸ਼ੁਰੂ ਕੀਤਾ। ਉਨ੍ਹਾਂ **American Heart Association, American College of Cardiology, Trans-catheter Cardiovascular Therapeutics, Valve Therapies, Society of Cardiovascular Angiography and Interventions, and Cardiovascular Research Technology** ਦੀਆਂ ਕਾਨਫਰੰਸਾਂ ਵਿੱਚ ਖੋਜ ਪੱਤਰ ਪੇਸ਼ ਕੀਤੇ। ਉਹ ਹੁਣ ਆਪਣੀਆਂ ਸੇਵਾਵਾਂ ਨੂੰ ਕੋਲੰਬੀਆ, ਘਾਨਾ, ਅਤੇ ਮਿਸਰ ਦੇ ਗਰੀਬਾਂ ਤਕ ਲਿਜਾ ਰਹੇ ਹਨ।

ਨਿਊ ਜਰਸੀ ਦੇ ਨੇਵਾਰਕ ਬੇਥ ਇਜ਼ਰਾਈਲ ਮੈਡੀਕਲ ਸੈਂਟਰ ਵਿੱਚ ਤਿੰਨ ਸਾਲਾਂ ਦੀ ਕਾਰਡੀਓਲੋਜੀ ਫੈਲੋਸ਼ਿਪ ਵਿੱਚ ਕੁਝ ਮਹੀਨੇ ਬਾਕੀ ਰਹਿ ਗਏ ਸਨ। ਪਰ ਉਹ ਦਿੱਲੀ ਵਾਪਸ ਪਰਤ ਆਏ ਜਿੱਥੇ ਉਨ੍ਹਾਂ ਇੱਕ ਅਧੂਰਾ ਪਿਆ ਬੱਸ ਟਰਮੀਨਲ ਚੁਣਿਆ ਅਤੇ ਇਸਨੂੰ ਇੱਕ ਮੈਡੀਕਲ ਕਲੀਨਿਕ ਵਿੱਚ ਬਦਲ ਦਿੱਤਾ। ਬੀਮਾਰ ਕਿਸਾਨਾਂ ਅਤੇ ਹੋਰ ਗਰੀਬਾਂ ਨੂੰ ਉਨ੍ਹਾਂ ਦੀਆਂ ਬਿਮਾਰੀਆਂ ਦਾ ਇੱਥੇ ਮੁਫ਼ਤ ਇਲਾਜ ਮਿਲਣ ਲਗ ਪਿਆ। ਸਾਰਾ ਆਪ੍ਰੇਸ਼ਨ ਫਾਈਵ ਰਿਵਰਜ਼ ਹਾਰਟ ਐਸੋਸੀਏਸ਼ਨ ਵੱਲੋਂ ਚਲਾਇਆ ਗਿਆ। ਸੇਵਾ ਹੀ ਉਨ੍ਹਾਂ ਦੇ ਜੀਵਨ ਦਾ ਇੱਕੋ ਇੱਕ ਮਿਸ਼ਨ ਹੈ।




**ਡਾ. ਰਾਜਾ ਬਲਰਾਜ ਸਿੰਘ, ਕੈਲਗਰੀ (ਕੈਨੇਡਾ)**

## ਬਾਲੜੀ ਦਾ ਅੰਤਰਰਾਸ਼ਟ੍ਰੀ ਦਿਨ

## (International Day of the Girl Child)

### ਨਰਿੰਦਰ ਕੌਰ, ਕੈਲਗਰੀ (ਕੈਨੇਡਾ)

ਪਿਛਲੀ ਇੱਕ ਸਦੀ ਵਿੱਚ, ਦੁਨੀਆ ਭਰ ਵਿੱਚ ਲੱਖਾਂ ਕੁੜੀਆਂ ਦੀ ਸਿੱਖਿਆ ਤੱਕ ਪਹੁੰਚ ਨਹੀਂ ਸੀ, ਅਤੇ ਕੁੜੀਆਂ ਉਸੇ ਉਮਰ ਦੇ ਲੜਕਿਆਂ ਨਾਲੋਂ ਘਰ ਦੇ ਕੰਮਾਂ ਵਿੱਚ ਜ਼ਿਆਦਾ ਸਮਾਂ ਬਿਤਾਉਂਦੀਆਂ ਸਨ। ਵਿਸ਼ਵ ਪੱਧਰ 'ਤੇ, ਚਾਰ ਵਿੱਚੋਂ ਇੱਕ ਕੁੜੀ ਦਾ ਵਿਆਹ 18 ਸਾਲ ਦੀ ਉਮਰ ਤੋਂ ਪਹਿਲਾਂ ਕਰ ਦਿੱਤਾ ਗਿਆ ਸੀ। ਦੁਨੀਆ ਦੇ ਕਈ ਹਿੱਸਿਆਂ ਵਿੱਚ ਜ਼ਬਰਦਸਤੀ ਵਿਆਹ ਆਮ ਗੱਲ ਸੀ। ਦੁਨੀਆ ਭਰ ਵਿੱਚ ਬਹੁਤ ਸਾਰੀਆਂ ਕੁੜੀਆਂ ਹਿੰਸਾ ਦੀਆਂ ਸ਼ਿਕਾਰ ਸਨ ਅਤੇ ਅਪਰਾਧੀ ਅਕਸਰ ਸਜ਼ਾ ਤੋਂ ਬਚ ਜਾਂਦੇ ਸਨ।



International Day of the Girl Child ...
peace-ed-campaign.org

1911 ਵਿੱਚ, ਕੈਨੇਡਾ ਵਿੱਚ ਔਰਤਾਂ ਦੀਆਂ ਸੰਸਥਾਵਾਂ ਨੇ ਇਨ੍ਹਾਂ ਮੁੱਦਿਆਂ ਨੂੰ ਸੰਯੁਕਤ ਰਾਸ਼ਟਰ ਕੋਲ ਲਿਜਾਣ ਲਈ ਕੈਨੇਡੀਅਨ ਸਰਕਾਰ ਕੋਲ ਪਹੁੰਚ ਕੀਤੀ। ਨਤੀਜੇ ਵਜੋਂ, ਸੰਯੁਕਤ ਰਾਸ਼ਟ੍ਰ ਜਨਰਲ ਅਸੈਂਬਲੀ ਵਿੱਚ ਕੈਨੇਡਾ ਵੱਲੋਂ ਇੱਕ ਅੰਤਰਰਾਸ਼ਟ੍ਰੀ ਦਿਨ ਰਸਮੀ ਤੌਰ ‘ਤੇ ਪ੍ਰਸਤਾਵਿਤ ਕੀਤਾ ਗਿਆ। ਕੈਨੇਡਾ ਦੀ ਮੰਤਰੀ ਰੋਨਾ ਐਂਬਰੋਜ਼ ਨੇ ਔਰਤਾਂ ਦੀ ਸਥਿਤੀ ਬਾਰੇ 55-ਵੇਂ ਸੰਯੁਕਤ ਰਾਸ਼ਟ੍ਰ ਕਮਿਸ਼ਨ ਦੇ ਸਾਹਮਣੇ ਪ੍ਰਸਤਾਵ ਨੂੰ ਸਪਾਂਸਰ ਕੀਤਾ ਜਿਸ ਅਨੁਸਾਰ 11 ਅਕਤੂਬਰ, 2012 ਨੂੰ ਬਾਲੜੀਆਂ ਦੇ ਪਹਿਲੇ ਅੰਤਰਰਾਸ਼ਟ੍ਰੀ ਦਿਵਸ ਵਜੋਂ ਅਪਨਾਉਣ ਲਈ ਇੱਕ ਮਤਾ ਪਾਸ ਹੋਇਆ।

ਇਹ ਦਿਨ ਹਰ ਸਾਲ ਦੁਨੀਆ ਭਰ ਵਿੱਚ ਕੁੜੀਆਂ ਨੂੰ ਦਰਪੇਸ਼ ਅਸਮਾਨਤਾ ਪ੍ਰਤੀ ਜਾਗਰੂਕਤਾ ਵਧਾਉਣ ਲਈ ਮਨਾਇਆ ਜਾਂਦਾ ਹੈ। ਇਸ ਵਿੱਚ ਸਿੱਖਿਆ, ਕਾਨੂੰਨੀ ਅਧਿਕਾਰ, ਡਾਕਟਰੀ ਦੇਖਭਾਲ, ਅਤੇ ਵਿਤਕਰੇ ਤੋਂ ਸੁਰੱਖਿਆ, ਔਰਤਾਂ ਵਿਰੁੱਧ ਹਿੰਸਾ ਅਤੇ ਜ਼ਬਰਦਸਤੀ ਬਾਲ ਵਿਆਹ ਰੋਕਣ ਵਰਗੇ ਖੇਤਰ ਸ਼ਾਮਲ ਹਨ। ਹਰ ਸਾਲ ਇੱਕ ਮੁੱਦੇ ਤੇ ਧਿਆਨ ਦਿੱਤਾ ਜਾਂਦਾ ਹੈ; ਜਿਵੇਂ ਕਿ: ਬਾਲ ਵਿਆਹ ਨੂੰ ਖਤਮ ਕਰਨਾ, ਲੜਕੀਆਂ ਦੀ ਸਿੱਖਿਆ ਲਈ ਕਦਮ ਚੁੱਕਣੇ, ਲੜਕੀਆਂ ਦਾ ਸਸ਼ਕਤੀਕਰਨ, ਉਨ੍ਹਾਂ ਵਿਰੱਧ ਹਿੰਸਾ ਨੂੰ ਖਤਮ ਕਰਨਾ, ਸੰਕਟ ਤੋਂ ਪਹਿਲਾਂ, ਦੌਰਾਨ ਅਤੇ ਬਾਅਦ ਵਿੱਚ ਸਹਾਇਤਾ ਦੇਣਾ, ਅਤੇ ਉਨ੍ਹਾਂ ਦੀ ਹੁਨਰਮੰਦੀ ਵਧਾਉਣਾ।



**We are Proud of them.**



**Dr. Narinder Singh Kapany** (*Padma Vibhushan*), was born on 31st October 1926, and earned his PhD in Physics from Imperial College, London in 1955. At the University of California, he discovered how very thin flexible, rolled glass or plastic fibers can be used to transmit optical frequency waves to carry large data and videos over long distances, at the speed of light.

These Optical Fiber Cables (OFC) are now used for imaging internal body parts, for linking world-wide web networks over Internet, for Cable TV and Telephone calls, in Space Applications, besides study of seismic waves to predict earthquakes and tsunamis. He had 120 patents and gave huge amounts for research. He created a *Foundation* to promote Sikh heritage with an Endowment of US $ 500,000 for a Chair of Sikh Studies at University of California.



**Dr. Gurtej Singh Sandhu**, born on the 24th of October 1960, got MSc (Hons. School) in Physics in 1983 from Guru Nanak Dev University, Amritsar, and MSc in Electrical Engineering from IIT Delhi. In 1990, he earned PhD in Physics from University of North Carolina, USA. At *Micron Technologies,* Idaho (where he is V-P now), he invented new IC chips for Memory Devices.

He is today *The Fifth Highest Inventor of the World* . With more than 1325 patents, he is called "Edison of the 21st century". He developed the Metal Oxide Chemical Vapor Deposition (MOCVD) technique for Titanium Nitride based chips, now used for $ 200 Billion devices integral to cell phones, digital cameras, and solid-state drives for personal and cloud server computers. In 2018, he received the *Andrew S. Grove Award*, named after the Co-founder of Intel Corporation.

## We are Proud of them

### Sardar Hardit Singh Malik (1894 - 1985), first Indian Turbaned Pilot with British Royal Indian Air Force (RIAF)

As first Sikh RIAF Pilot, he wore a turban instead of a helmet and was called "turbaned fighter pilot who shot down Germans in air" in WW-I. He became Independent India's first High Commissioner to Canada, and then to France. He was a first-class cricketer.




### Sardar Arjan Singh ( 1919 - 2017 ), Distinguished Flying Cross, First and Only 5-star Marshal of the Indian Air Force (IAF)

Air Chief at 45, *Padma Vibhushan*, Legendary icon of Indian history, he flew 60 types of aircraft, was Heroic leader of 1965 war, he was Ambassador to Switzerland. An Air Force station was named after him.






**Harita Kaur (1972 - 1996)** was one of the first seven girls inducted into the Indian Air Force in 1993 and the first to fly solo in 1994.





## ਸਾਨੂੰ ਇਨ੍ਹਾਂ ਤੇ ਮਾਣ ਹੈ


### Four-years old Sahib Singh wins coveted Blueberry Brand Model Award




ਚਾਰ ਸਾਲਾਂ ਦੇ ਸਾਹਿਬ ਸਿੰਘ ਨੂੰ 2022 ਦਾ ਬੱਚਿਆਂ ਦੇ (ਬ੍ਰਿਟਿਸ਼) ਬਲਯੂਬੈਰੀ ਇੰਟਰਨੈਟ ਬ੍ਰੈਂਡ ਇਨਾਮ ਦੇ ਲਈ ਚੁਣਿਆ ਗਿਆ ਹੈ। ਅੰਤਰ-ਰਾਸ਼ਟ੍ਰੀ ਮਾਡਲ ਬਣਨ ਵਾਲਾ ਇਹ ਪਹਿਲਾ ਸਿੱਖ ਬੱਚਾ ਹੈ।

### New Jersey student Karanveer Singh Pannu's famous book:

**"Bullying of Sikh American Children - Through Eyes of a Sikh American High School Student".**





ਜਿਸ ਦਾ ਵਿਸ਼ਾ ਉਹ ਪਰੇਸ਼ਾਨੀ ਹੈ ਜੋ ਕਈ ਵਾਰੀ ਸਿੱਖ ਬੱਚਿਆਂ ਨੂੰ ਆਉਂਦੀ ਹੈ। ਇਸ ਵਿਚ ਦਸਤਾਰ ਦਾ ਮਹੱਤਵ ਅਤੇ ਸਿੱਖ ਇਤਿਹਾਸ ਬਾਰੇ ਦੱਸਿਆ ਗਿਆ ਹੈ। ਮਨੋਵਿਗਿਆਨਕਾਂ ਦੀ ਸਲਾਹ ਤੋਂ ਸਮੱਸਿਆ ਦੇ ਹਲ ਸੁਝਾਏ ਹਨ।

### JEE Mains Exams Topper Scored 100 Percentile



ਚੰਡੀਗੜ੍ਹ ਨਵਾਸੀ 18 ਸਾਲਾਂ ਦੇ ਗੁਰਅਮ੍ਰਿਤ ਸਿੰਘ ਨੇ 100 % ਨੰਬਰ ਲੈ ਕੇ ਇਸ ਸਰਬ-ਭਾਰਤੀ ਮੁਕਾਬਲੇ ਵਿਚ ਇਕ ਨਵਾਂ ਇਤਿਹਾਸਕ ਰਿਕਾਰਡ ਕਾਇਮ ਕਰ ਦਿੱਤਾ ਹੈ।

### Anmol Singh Bhatia becomes World Brain Bee Champion




ਅਮਰੀਕਾ ਦੇ 17 ਸਾਲਾ ਅਨਮੋਲ ਸਿੰਘ ਭਾਟੀਆ ਨੇ ਨਿਊ ਜਰਸੀ ਵਿਚ ਅਤੇ ਫਿਰ ਪੂਰੇ ਅਮਰੀਕਾ ਵਿਚ ਇਸ ਦਿਮਾਗੀ ਮੁਕਾਬਲੇ ਵਿਚ ਪਹਿਲੀ ਜਗ੍ਹਾ ਪ੍ਰਾਪਤ ਕੀਤੀ। ਪੂਰੀ ਦੁਨੀਆਂ ਭਰ ਵਿਚ ਉਹ ਦੂਜੇ ਨੰਬਰ ਤੇ ਹੈ।

# " ੴ " ਦੀ ਸਮਰੱਥਾ

ਹਰਪ੍ਰੀਤ ਸਿੰਘ ਜਵੰਦਾ, ਵਿੰਨੀਪੈਗ (ਕੈਨੇਡਾ)

ਬਲਵੰਤ ਗਾਰਗੀ ਲਿਖਦਾ ਹੈ ਕਿ ਨਿੱਕੇ ਹੁੰਦਿਆਂ ਬੇਬੇ ਸਾਨੂੰ ਦੋਹਾਂ ਭਰਾਵਾਂ ਨੂੰ ਪਿੰਡ ਦੇ ਭਾਈ ਕੋਲ ਲੈ ਗਈ ਤੇ ਪੁੱਛਣ ਲੱਗੀ "ਦੋਹਾਂ ਵਿਚੋਂ ਕਿਸਨੂੰ ਪੜਾਵਾਂ, ਦੋਹਾਂ ਨੂੰ ਪੜਾਉਣ ਦੀ ਗੁੰਜਾਇਸ਼ ਹੈਨੀ"!

ਭਾਈ ਜੀ ਨੇ ਬੇਧਿਆਨੀ ਵਿੱਚ ਹੀ ਮੇਰੇ ਤੇ ਉਂਗਲ ਰੱਖ ਦਿੱਤੀ। ਬੇਬੇ ਨੇ ਮੈਨੂੰ ਗੁਰੂਦੁਆਰੇ ਵਿੱਚ ਹੀ ਚਲਦੇ ਸਕੂਲ ਵਿੱਚ ਭਰਤੀ ਕਰਵਾ ਦਿੱਤਾ ਜਿਥੇ ਅਸੀਂ ਰੋਜ ਜਾਂਦੇ ਅਤੇ ਸਾਰਾ ਦਿਨ ਖੇਡ ਮੱਲ ਕੇ ਵਾਪਿਸ ਪਰਤ ਜਾਂਦੇ!

ਇੱਕ ਦਿਨ ਰੌਲਾ ਪੈ ਗਿਆ...ਬਾਬਾ ਜੀ ਆ ਗਏ...ਬਾਬਾ ਜੀ ਆ ਗਏ। ਕੀ ਵੇਖਿਆ ਦੂਰੋਂ ਨੀਲਾ ਬਾਣਾ ਪਾਈ ਘੋੜੇ ਤੇ ਚੜੇ ਇੱਕ ਬਾਬਾ ਜੀ ਸਾਡੇ ਵੱਲ ਆ ਰਹੇ ਸਨ। ਓਹਨਾ ਆਉਂਦਿਆ ਹੀ ਸਾਡੇ ਸਾਰਿਆਂ ਨੂੰ ਗਹੁ ਨਾਲ ਤੱਕਿਆ... ਮੇਰੇ ਤੇ ਨਜਰ ਟਿੱਕ ਗਈ...ਪੁੱਛਣ ਲੱਗੇ "ਖੇਡਣ ਆਇਆਂ" ?

ਮੈਂ ਆਖਿਆ ਨਹੀਂ ਪੜਨ... ਅੱਗੋਂ ਆਖਣ ਲੱਗੇ ਫੇਰ ਸਬਕ ਸੁਣਾ...!

ਆਖਿਆ ਸਬਕ ਤੇ ਤੁਸਾਂ ਅਜੇ ਦਿੱਤਾ ਹੀ ਨਹੀਂ...!

ਫੇਰ ਘੋੜੇ ਤੇ ਚੜੇ ਚੜਾਇਆਂ ਹੀ ਹੱਥ ਵਿੱਚ ਫੜੇ ਨੇਜੇ ਦੀ ਨੋਕ ਨਾਲ ਭੋਏਂ ਤੇ ਪਹਿਲਾਂ ਏਕਾ ਵਾਹਿਆ ਫੇਰ ਓਅੰਕਾਰ ਲਿਖ ਦਿੱਤਾ...ਫੇਰ ਆਖਣ ਲੱਗੇ ਪੁੱਤਰ ਇਹ ਹੈ ਤੇਰਾ ਸਬਕ...।

ਬਲਵੰਤ ਗਾਰਗੀ ਲਿਖਦਾ ਕੇ ਮਗਰੋਂ ਮੈਨੂੰ ਮਿਲੇ ਜਿੰਦਗੀ ਦੇ ਸਾਰੇ ਸਬਕ ਬਾਬੇ ਜੀ ਦੇ ਭੋਏਂ ਤੇ ਵਾਹੇ ਇਸ ਪਹਿਲੇ ਸਬਕ ਦੀ ਸੰਥਿਆ ਵਿੱਚ ਹੀ ਸੀਮਤ ਹੋ ਕੇ ਰਹਿ ਗਏ!

ਸ਼ਿਵ ਕੁਮਾਰ ਬਟਾਲਵੀ ਆਖਦਾ ਜਦੋਂ ਕਦੇ ਵੀ ਆਪਣੇ ਸਾਮਣੇ ਕੋਈ ਖਾਲੀ ਪੰਨਾ ਪਿਆ ਵੇਖਦਾ ਤਾਂ ਘਬਰਾ ਜਾਂਦਾ।



ਇੰਝ ਲੱਗਦਾ ਜਿੱਦਾਂ ਪੰਨੇ ਤੇ ਕੁਝ ਲਿਖਣ ਦੀ ਸਮਰੱਥਾ ਜਾਂਦੀ ਰਹੀ ਹੋਵੇ। ਹੁਣ ਕਦੀ ਵੀ ਕੁਝ ਲਿਖ ਨਹੀਂ ਪਾਵਾਂਗਾ। ਫੇਰ ਮਨ ਵਿੱਚ ਇੱਕ ਫੁਰਨਾ ਆਇਆ। ਮੈਂ ਜਦੋਂ ਵੀ ਕੋਈ ਖਾਲੀ ਪੰਨਾ ਵੇਖਦਾ ਓਸੇ ਵੇਲੇ ਐਨ ਉੱਪਰ ਖੱਬੇ ਪਾਸੇ ੴ ਲਿਖ ਦਿਆ ਕਰਦਾ। ਓਸੇ ਵੇਲੇ ਮਨ ਦੀ ਘਬਰਾਹਟ ਜਾਂਦੀ ਰਹਿੰਦੀ ਤੇ ਮੈਂ ਚੜ੍ਹਦੀ ਕਲਾ ਵਿੱਚ ਆ ਜਾਂਦਾ!

ਇਹ ਤੇ ਹੈ ਉਸ ਧੁਰ ਕੀ ਬਾਣੀ ਦੇ ਸਭ ਤੋਂ ਅੱਗੇ ਲੱਗੇ ਹੋਏ ਇਲਾਹੀ ਸਬਦ " ੴ " ਦੀ ਸਮਰੱਥਾ। ਲੋਹਾ ਸਾਹਿਤ ਦੇ ਓਹਨਾ ਲੋਹ ਪੁਰਸ਼ਾਂ ਨੇ ਵੀ ਮੰਨਿਆ ਜਿਹੜੇ ਮੂਲ ਰੂਪ ਵਿੱਚ ਸਿੱਖ ਧਰਮ ਵਿੱਚ ਪੈਦਾ ਹੀ ਨਹੀਂ ਸਨ ਹੋਏ ਪਰ ਅੱਜ ਦੀ ਤ੍ਰਾਸਦੀ ਵੇਖੋ ਇਸੇ ਧੁਰ ਕੀ ਬਾਣੀ ਦੀ ਕਮਾਈ ਕਰ ਵੱਡੇ ਵੱਡੇ ਮਹਿਲ ਮੁਨਾਰੇ ਖੜੇ ਕਰਨ ਵਾਲੇ ਕੁਝ ਅਖੌਤੀ ਅਭਾਗੇ ਦਿਨ ਰਾਤ ਇਸਦੀਆਂ ਜੜਾਂ ਵੱਢਣ ਤੇ ਹੀ ਲੱਗੇ ਹੋਏ ਨੇ!

**(ਸਰੋਤ... ਪ੍ਰੋ. ਹਰਪਾਲ ਸਿੰਘ ਪੰਨੂ)**

## ਗੀਤ

ਗੁਰਚਰਨ ਸਿੰਘ ਜੋਗੀ, ਅੰਬਾਲਾ (ਭਾਰਤ)



ਕੁੱਲੀਆਂ ਹਨੇਰੀਆਂ 'ਚ
ਭਰ ਦੇਵਾਂ ਰੌਸ਼ਨੀ,
ਏਨਾ ਕੁ ਤਾਂ ਬਲ ਦੇਵੀਂ ਦਾਤਿਆ !

ਜਿੱਤਿਆਂ ਤੇ ਹਾਰਿਆਂ ਦੀ,
ਖ਼ੈਰ ਮੰਗਾਂ ਸਾਰਿਆਂ ਦੀ,
ਅੱਜ ਭਾਵੇਂ ਕਲ ਦੇਵੀਂ ਦਾਤਿਆ !

ਰਹੇ ਨਾ ਉਦਾਸ ਕੋਈ,
ਹੋਵੇ ਜੇ ਨਿਰਾਸ਼ ਕੋਈ,
ਖੁਸ਼ੀਆਂ ਵੀ ਘੱਲ ਦੇਵੀਂ ਦਾਤਿਆ !

ਹੋਵੇ ਕੋਈ ਫਸਿਆ ਤਾਂ,
ਦੇਵੀਂ ਜੇ ਸਮੱਸਿਆ ਤਾਂ,
ਓਸੇ ਵੇਲੇ ਹੱਲ ਦੇਵੀਂ ਦਾਤਿਆ !

ਨਾ ਹੀ ਕਦੀ ਆਣ ਕਿਤੇ,
ਆ ਵੀ ਜੇ ਜਾਣ ਕਿਤੇ,
ਔਕੜਾਂ ਨੂੰ ਠੱਲ੍ਹ ਦੇਵੀਂ ਦਾਤਿਆ !

ਪਿੰਡ ਵਿਚ, ਸ਼ਹਿਰ ਵਿਚ,
ਸ਼ਿਖਰ ਦੁਪਹਿਰ ਵਿਚ,
ਸੂਰਜ ਨਾ ਢਲ ਦੇਵੀਂ ਦਾਤਿਆ !

ਭੈੜੀਆਂ ਜਾਂ ਭਲੀਆਂ ਨੂੰ,
ਸੋਹਲ ਜਿਹੀਆਂ ਤਲੀਆਂ ਨੂੰ,
ਭੱਖਦੇ ਨਾ ਥਲ ਦੇਵੀਂ ਦਾਤਿਆ !

ਜ਼ੁਲਮ ਵੀ ਜਰੀਏ ਨਾ,
ਮਰੂ - ਮਰੂ ਕਰੀਏ ਨਾ,
ਜੀਣ ਦਾ ਵੀ ਵੱਲ ਦੇਵੀਂ ਦਾਤਿਆ !

ਕਾਹਦਾ ਮਾਣ ਸ਼ਕਲਾਂ ਦਾ,
ਖੇਡ ਸਾਰਾ ਅਕਲਾਂ ਦਾ,
ਥੋੜ੍ਹਾ ਕੁ ਤਾਂ ਝੱਲ ਦੇਵੀਂ ਦਾਤਿਆ !

# ਅਕਤੂਬਰ ਦਾ ਮਹੀਨਾ

ਰੂਬੀਨਾ ਸਿੰਘ, ਕੈਲਗਰੀ ਯੂਨੀਵਰਸਿਟੀ (ਕੈਨੇਡਾ)

ਅਕਤੂਬਰ ਨੂੰ ਇਹ ਨਾਮ "ਅੱਠ" ਲਈ ਲਾਤੀਨੀ ਸ਼ਬਦ (Octo) "ਔਕਟੋ" ਤੋਂ ਮਿਲਿਆ ਹੈ। ਰੋਮਨ ਕੈਲੰਡਰ ਵਿੱਚ, ਅਕਤੂਬਰ ਸਾਲ ਦਾ 8-ਵਾਂ ਮਹੀਨਾ ਸੀ। ਜਦੋਂ ਕੈਲੰਡਰ ਸੁਧਾਰ ਲਈ ਜਨਵਰੀ ਤੇ ਫਰਵਰੀ ਨੂੰ ਜੋੜਿਆ ਗਿਆ, ਤਾਂ ਅਕਤੂਬਰ 10-ਵਾਂ ਮਹੀਨਾ ਬਣ ਗਿਆ, ਜਿਵੇਂ ਕਿ ਇਹ ਹੁਣ ਹੈ। ਹਰ ਸਾਲ ਅਕਤੂਬਰ ਦੀ ਸਮਾਪਤੀ ਉਸ ਸਾਲ ਦੀ ਫਰਵਰੀ ਵਾਲੇ ਦਿਨ ਹੀ ਹੁੰਦੀ ਹੈ।

ਧਰਤੀ ਦੇ ਉੱਤਰੀ ਅੱਧੇ ਹਿੱਸੇ (Northern Hemisphere) ਵਿੱਚ ਅਕਤੂਬਰ ਦਾ ਮੌਸਮ ਦੱਖਣੀ ਅੱਧ (Southern Hemisphere) ਦੇ ਅਪ੍ਰੈਲ ਦੇ ਸਮਾਨ ਹੁੰਦਾ ਹੈ। ਰੁੱਖਾਂ ਦੇ ਪੱਤੇ ਇਸ ਮਹੀਨੇ ਆਪਣੇ ਰੰਗ ਬਦਲਣਾ ਸ਼ੁਰੂ ਕਰ ਦਿੰਦੇ ਹਨ। ਇਸ ਮੌਸਮ ਵਿੱਚ ਗੇਂਦੇ (Marigolds) ਦੇ ਫੁੱਲ ਵਧ ਖਿੜਦੇ ਹਨ।

ਇਸ ਮਹੀਨੇ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਪੁਰਬ, ਬੰਦੀ-ਛੋੜ ਦਿਵਸ ਅਤੇ ਗੁਰੂ ਹਰਿਕ੍ਰਿਸ਼ਨ ਜੀ ਦੀ ਗੁਰ-ਗੱਦੀ ਦੇ ਦਿਵਸ ਮਨਾਏ ਜਾਂਦੇ ਹਨ। ਅਕਤੂਬਰ 17 ਤੋਂ (ਨਾਨਕਸ਼ਾਹੀ ਸੰਮਤ ਮੁਤਾਬਿਕ) ਕੱਤਕ ਮਹੀਨਾ ਸ਼ੁਰੂ ਹੁੰਦਾ ਹੈ।

ਨਾਨਕਸ਼ਾਹੀ ਕੈਲੰਡਰ 1999 ਵਿਚ ਐਡਮਿੰਟਨ (ਕੈਨੇਡਾ) ਦੇ ਨਿਵਾਸੀ ਸਰਦਾਰ ਪਾਲ ਸਿੰਘ ਪੁਰੇਵਾਲ (1932-2022) ਨੇ ਤਿਆਰ ਕੀਤਾ ਸੀ। ਇਸ ਨੂੰ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਪ੍ਰਵਾਨਿਤ ਕੀਤਾ ਗਿਆ ਸੀ।

ਯਹੂਦੀ ਅਕਤੂਬਰ ਵਿਚ (Yom Kippur) "ਯੋਮ ਕਿਪੂਰ" ਦਾ ਪੁਰਬ ਪ੍ਰਾਰਥਨਾ ਅਤੇ ਦਾਨ ਲਈ ਪਵਿੱਤਰ ਦਿਨਾਂ ਵਜੋਂ ਮਨਾਉਂਦੇ ਹਨ, ਜਦੋਂ ਉਹ ਸਿਰਫ਼ ਚਿੱਟੇ ਕੱਪੜੇ ਪਾਉਂਦੇ ਹਨ। ਬਾਈਬਲ ਵਿਚ ਵੀ ਇਸ ਦਾ ਜ਼ਿਕਰ ਹੈ।

ਹੈਲੋਵੀਨ (Halloween) ਇੱਕ ਨਿਵੇਕਲਾ ਤਿਉਹਾਰ ਹੈ ਜਿਸ ਨੂੰ ਕੁਝ ਦੇਸ਼ਾਂ ਵਿੱਚ 31 ਅਕਤੂਬਰ ਨੂੰ ਲੋਕ ਮਿਲ ਕੇ ਮਨਾਉਂਦੇ ਹਨ।

ਅਕਤੂਬਰ ਵਿੱਚ ਮਨਾਏ ਜਾਣ ਵਾਲੇ ਕੁਝ ਹੋਰ ਮਹੱਤਵਪੂਰਨ ਦਿਨ ਇਸ ਪ੍ਰਕਾਰ ਹਨ।

**01 ਅਕਤੂਬਰ:** (World Senior Citizens Day) ਸੀਨੀਅਰ ਸਿਟੀਜ਼ਨਾਂ ਦਾ ਅੰਤਰਰਾਸ਼ਟਰੀ ਦਿਵਸ, ਬਜ਼ੁਰਗਾਂ ਦੀਆਂ ਲੋੜਾਂ 'ਤੇ ਧਿਆਨ ਕੇਂਦਰਿਤ ਕਰਨ ਅਤੇ ਸਮਾਜ ਲਈ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਸਲਾਹੁਣ ਲਈ ਸੰਯੁਕਤ ਰਾਸ਼ਟਰ (UN) ਦੇ ਮਤੇ ਨਾਲ ਨੀਯਤ ਹੋਇਆ ਹੈ।

**04 ਅਕਤੂਬਰ:** (International Animal Welfare Day) ਵਿਸ਼ਵ ਪਸ਼ੂ ਕਲਿਆਣ ਦਿਵਸ, ਵਾਤਾਵਰਣ ਸੰਤੁਲਨ ਵਿੱਚ ਜਾਨਵਰਾਂ ਦੀ ਭੂਮਿਕਾ ਬਾਰੇ ਹੈ। ਇਹ ਅਸੀਸੀ ਦੇ ਸੰਤ ਫਰਾਂਸਿਸ, ਜੋ ਜਾਨਵਰਾਂ ਦੇ ਸਰਪ੍ਰਸਤ ਮੰਨੇ ਗਏ ਹਨ, ਦੀ ਯਾਦ ਵਿਚ ਮਨਾਇਆ ਜਾਂਦਾ ਹੈ।

**05 ਅਕਤੂਬਰ:** (International Teachers Day) ਵਿਸ਼ਵ ਅਧਿਆਪਕ ਦਿਵਸ, ਅਧਿਆਪਕਾਂ ਦਾ ਸਨਮਾਨ ਕਰਨ, ਉਨ੍ਹਾਂ ਦੇ ਯੋਗਦਾਨ ਨੂੰ ਮਾਨਤਾ ਦੇਣ ਅਤੇ ਲੋੜਾਂ ਸਮਝਣ ਲਈ ਯੂਨੈਸਕੋ (UNESCO) ਨੇ ਸ਼ੁਰੂ ਕੀਤਾ ਸੀ।

**08 ਅਕਤੂਬਰ:** (Indian Air Force Day) ਭਾਰਤੀ ਹਵਾਈ ਸੈਨਾ ਦਿਵਸ, ਉਨ੍ਹਾਂ ਦੀ ਬਹਾਦਰੀ ਨੂੰ ਸ਼ਰਧਾਂਜਲੀ ਦੇਣ ਲਈ ਮਨਾਇਆ ਜਾਂਦਾ ਹੈ। ਭਾਰਤੀ ਹਵਾਈ ਸੈਨਾ ਬ੍ਰਿਟੇਨ ਦੀ ਰਾਇਲ ਏਅਰ ਫੋਰਸ (RIAF) ਦੀ ਮਦਦ ਲਈ 1932 ਵਿੱਚ ਸਥਾਪਿਤ ਕੀਤੀ ਗਈ ਸੀ।

**11 ਅਕਤੂਬਰ:** (International Day of the Girl Child) ਅੰਤਰਰਾਸ਼ਟਰੀ ਬਾਲਿਕਾ ਦਿਵਸ, ਹਰ ਬਾਲੜੀ ਦੇ ਸਿੱਖਿਆ, ਭੋਜਨ, ਸਿਹਤ, ਸੁਰੱਖਿਆ ਅਤੇ ਸਨਮਾਨ ਦੇ ਅਧਿਕਾਰਾਂ ਦੀ ਰਾਖੀ ਲਈ ਸ਼ੁਰੂ ਕੀਤਾ ਗਿਆ ਸੀ।

# ਪੰਜ ਤੱਤਾਂ ਦੀ ਚਿੰਤਾ

**ਡਾ. ਡੀ. ਪੀ. ਸਿੰਘ, ਮਿਸੀਸਾਗਾ (ਕੈਨੇਡਾ)**

***drddpisnghauthor.wordpress.com**



ਹਵਾ, ਪਾਣੀ, ਅੱਗ, ਅੰਬਰ, ਮਿੱਟੀ, ਬੈਠੇ ਸਨ ਸਭ ਸਿਰ ਸੁੱਟੀ। ਮਾਨਵ ਹੱਥੋਂ ਤੰਗ ਹੋਏ ਸਭ, ਸੋਚਣ ਜਿੰਦ ਫਸ ਗਈ ਕਸੂਤੀ।

ਜੀਵਨ ਦਾ ਅਧਾਰ ਤੱਤ ਇਹ, ਆਪਣੀ ਆਪਣੀ ਵਿਥਿਆ ਦੱਸਦੇ। ਪਰਦੂਸ਼ਣ ਦੇ ਨਾਗ ਜ਼ਹਿਰੀਲੇ, ਰੋਜ਼ ਅਸਾਂ ਨੂੰ ਰਹਿੰਦੇ ਡੱਸਦੇ।

ਹਵਾ ਕਹੇ ਮੇਰੀ ਪੱਤ ਰੋਲੀ, ਕਾਲੀ ਸੁਆਹ ਨੂੰ ਨਾਲ ਰਲਾ।

ਚਾਰੋ ਪਾਸੇ ਫੈਲੇ ਜ਼ਹਿਰਾਂ ਤੋਂ, ਖੁਦ ਨੂੰ ਰੱਖਾਂ ਕਿੰਝ ਬਚਾ।

ਲਾਲ-ਪੀਲੀ ਹੋ ਕੇ ਅੱਗ ਬੋਲੀ, ਮੈਂ ਵੀ ਆਈ ਹਾਂ ਹਾਲ ਸੁਣਾਵਣ। ਐਟਮ ਬੰਬ ਬਣਾ ਕੇ ਭੈੜੇ, ਦੀਨ-ਦੁਨੀ ਨੂੰ ਸਾੜ੍ਹੀ ਜਾਵਣ।

ਅੱਖਾਂ ਦੇ ਵਿਚ ਹੰਝੂ ਭਰ ਭਰ, ਪਾਣੀ ਵੀ ਹੁਬਕੀਂ ਸੀ ਰੋਇਆ। ਨਦੀਆਂ-ਨਾਲੇ ਜ਼ਹਿਰ ਥੀਂ ਭਰ ਕੇ, ਲੋਕਾਂ! ਤੈਂ ਕੀ ਦਰਦ ਨਾ ਆਇਆ?

ਭਰਿਆ ਪੀਤਾ ਅੰਬਰ ਬੋਲਿਆ, ਇਕ ਲੰਮੀ ਚੁੱਪ ਤੋਂ ਬਾਅਦ। ਗੰਦ-ਮਾਲ ਨਾਲ ਧਰਤ ਭਰੀ ਹੈ, ਕੂੜ-ਕਬਾੜ ਦੇ ਨਾਲ ਪੁਲਾੜ।

ਉੱਚੀ ਉੱਚੀ ਬੋਲ ਕਿਹਾ ਉਸ, ਹੁਣ ਨਹੀਂ ਏਦਾਂ ਗੱਲ ਕੋਈ ਬਨਣੀ। ਕੁਝ ਨਾ ਕੁਝ ਤਾਂ ਪਊਗਾ ਕਰਨਾ, ਕੀਤਾ ਹੈ ਇਸ ਛੱਲਣੀ ਛੱਲਣੀ।

ਸੋਚ ਸੋਚ ਕੇ ਆਖ਼ਰ ਉਨ੍ਹਾਂ, ਕੱਠੇ ਬਹਿ ਕੇ ਲਿਆ ਇਹ ਨਿਰਣਾ। ਆਪਣੇ ਮਾੜੇ ਕੰਮਾਂ ਕਾਰਣ, ਮਾਨਵ ਨੇ ਹੈ ਇਕ ਦਿਨ ਮਰਨਾ।

ਚੰਗਾ ਹੈ ਇਹ, ਇਸ ਬਲਾਅ ਨੂੰ, ਜਿਥੋਂ ਆਈ ਕਰੀਏ ਵਾਪਸ। ਨਹੀਂ ਤਾਂ ਇਸ ਨੇ ਹੋ ਜਾਣਾ ਹੈ, ਸਾਡੇ ਸਭਨਾਂ ਉੱਤੇ ਕਾਬਜ਼।

ਹੋ ਗਈ ਜੇ ਇਹ ਕਾਬਜ਼ ਸਭ 'ਤੇ, ਜੀਣਾ ਸਾਡਾ ਕਰੂ ਮੁਹਾਲ। ਧਰਤੀ ਦੇ ਜੀਵਾਂ ਦਾ ਇਸ ਨੂੰ, ਨਾ ਫਿਕਰ ਹੈ ਨਾ ਹੀ ਖਿਆਲ।

ਆਉ! ਮਾਨਵ ਨੂੰ ਮੱਤ ਇਹ ਦੇਈਏ, ਪਰਦੂਸ਼ਣ ਦੀ ਬਿਰਤੀ ਤਿਆਗੇ। ਦੀਨ-ਦੁੱਖੀ ਦੀ ਰੂਹ ਠਾਰਣ ਲਈ, ਕੁੰਭਕਰਣ ਦੀ ਨੀਦੋਂ ਜਾਗੇ।


ਈ ਦੀਵਾਨ ਸੁਸਾਇਟੀ(ਕੈਲਗਰੀ)
ਵਲੋਂ
ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ
ਕੌਮਾਂਤਰੀ ਕਵੀ ਦਰਬਾਰ
ਡਾ.ਬਲਰਾਜ ਸਿੰਘ
ਸੰਸਥਾਪਕ ਤੇ ਸੰਚਾਲਕ
ਗੁਰਦੀਸ਼ ਕੌਰ ਕੈਲਗਰੀ
ਹੋਸਟ
ਸ.ਜਗਬੀਰ ਸਿੰਘ
ਸੰਸਥਾਪਕ ਤੇ ਸੰਚਾਲਕ
ਪਹੁੰਚ ਰਹੇ ਕਵੀ ਸਹਿਬਾਨ
ਸੁਜਾਨ ਸਿੰਘ ਸੁਜਾਨ
ਟੋਰੰਟੋ
ਜਸਵੰਤ ਸਿੰਘ ਸੇਖੋਂ
ਕੈਲਗਰੀ
ਅਮਨਬੀਰ ਸਿੰਘ ਧਾਮੀ
ਸਾਊਥ ਕੋਰੀਆ
ਗੁਰਚਰਨ ਸਿੰਘ ਜੋਗੀ
ਅੰਬਾਲਾ
ਸ਼ੁਕਰਗੁਜ਼ਾਰ ਸਿੰਘ
ਅਮ੍ਰਿਤਸਰ
ਗੁਰਜੀਤ ਕੌਰ
ਅਜਨਾਲਾ
ਡਾ. ਗੁਰਮਿੰਦਰ ਕੌਰ
ਸਿੱਧੂ (B C)
ਪਰਨੀਤ ਕੌਰ
ਸਿਮਰਨੀਨ ਕੌਰ
ਟੋਰੰਟੋ
ਬੀਬੀ ਸੁਰਜੀਤ ਕੌਰ
ਸੈਕਰਾਮੈਂਟੋ
ਮਿਤੀ 10 ਸਤੰਬਰ ਸ਼ਨੀਵਾਰ
ਮਾਧਿਅਮ ਜ਼ੂਮ ਐਪ
ਸਮਾਂ:
ਕੈਲਗਰੀ 9 AM
ਇੰਡੀਆ 8:30 PM
ਟੋਰੰਟੋ 11 AM
ਕੋਰੀਆ 12 PM
ਬੀ ਸੀ 8 AM
ਯੂ ਐਸ ਏ 8 AM


Paramjit Singh
Raja B. Singh
gurcharan singh
Gurdish Kaur Calgary
jagbir singh
ਡਾ. ਗੁਰਮਿੰਦਰ ਕੌਰ ਸਿੱਧੂ
Sartaj
Bibi Surjit Kaur Sacramento
Sujan Singh Sujan
Amanbir Singh Dhami
brijminder
brijminder
Dr. S S Bhatti
Dr. S S Bhatti

## ਈ-ਦੀਵਾਨ ਸੋਸਾਇਟੀ" ਕੈਲਗਰੀ ਵਲੋਂ ਪਹਿਲੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਕਵੀ ਦਰਬਾਰ

ਗੁਰਦੀਸ਼ ਕੌਰ ਗਰੇਵਾਲ, ਕੈਲਗਰੀ (ਕੈਨੇਡਾ) - ਸੰਪਰਕ : 403 404 1450

ਸ਼ਨਿਚਰਵਾਰ 10 ਸਤੰਬਰ 2022 ਨੂੰ, ਇਸ ਸੋਸਾਇਟੀ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ, ਔਨਲਾਈਨ ਕੌਮਾਂਤਰੀ ਕਵੀ ਦਰਬਾਰ ਕਰਾਇਆ ਗਿਆ - ਜਿਸ ਵਿੱਚ ਦੇਸ਼ ਵਿਦੇਸ਼ ਤੋਂ ਮਹਾਨ ਪੰਥਕ ਕਵੀ/ ਕਵਿੱਤਰੀਆਂ ਨੇ ਸ਼ਿਰਕਤ ਕੀਤੀ। ਇਹ ਸੁਸਾਇਟੀ, ਖਾਸ ਦਿਹਾੜਿਆਂ ਤੇ ਕਵੀ ਦਰਬਾਰ ਕਰਾ ਕੇ, ਦਸ਼ਮੇਸ਼ ਪਿਤਾ ਦੀ ਇਸ ਪਰੰਪਰਾ ਨੂੰ ਅੱਗੇ ਤੋਰਨ ਦਾ ਵਿਸ਼ੇਸ਼ ਉਪਰਾਲਾ ਕਰ ਰਹੀ ਹੈ। ਜਗਬੀਰ ਸਿੰਘ ਜੀ ਨੇ ਸਭ ਨੂੰ 'ਜੀ ਆਇਆਂ' ਕਹਿੰਦਿਆਂ ਹੋਇਆਂ, ਜੈਪੁਰ ਤੋਂ ਆਏ ਬ੍ਰਿਜਮਿੰਦਰ ਕੌਰ ਜੀ ਨੂੰ ਸ਼ਬਦ ਨਾਲ ਸ਼ੁਰੂਆਤ ਕਰਨ ਲਈ ਬੇਨਤੀ ਕੀਤੀ। ਉਹਨਾਂ ਗੁਰੂ ਅਮਰਦਾਸ ਜੀ ਦਾ ਸ਼ਬਦ ਸੰਗਤ ਨੂੰ ਸਰਵਣ ਕਰਾਇਆ। ਉਸ ਤੋਂ ਬਾਅਦ ਕਵੀ ਦਰਬਾਰ ਦੇ ਸੰਚਾਲਨ ਦੀ ਜ਼ਿੰਮੇਵਾਰੀ ਗੁਰਦੀਸ਼ ਕੌਰ ਗਰੇਵਾਲ ਨੂੰ ਸੌਂਪੀ ਗਈ। ਉਸ ਨੇ ਦੇਸ਼ ਵਿਦੇਸ਼ ਤੋਂ ਪਹੁੰਚੇ ਕਵੀ ਸਾਹਿਬਾਨ ਦੀ ਜਾਣ ਪਛਾਣ ਕਰਾਉਂਦੇ ਹੋਏ, ਵਾਰੀ ਵਾਰੀ ਸਭ ਨੂੰ ਸੱਦਾ ਦਿੱਤਾ।

ਟੋਰੰਟੋ ਤੋਂ ਪਰਮਜੀਤ ਸਿੰਘ ਜੀ, ਪਰਨੀਤ ਕੌਰ ਅਤੇ ਸਿਮਰਲੀਨ ਕੌਰ ਨੇ ਰਲ਼ ਕੇ, ਗੁਰਦੀਸ਼ ਕੌਰ ਦਾ ਲਿਖਿਆ ਧਾਰਮਿਕ ਗੀਤ- 'ਬਾਣੀ ਹੈ ਇਹ ਧੁਰ ਕੀ ਬਾਣੀ, ਬਾਣੀ ਜਨਮ ਸਵਾਰੇ' ਨਾਲ ਕਵੀ ਦਰਬਾਰ ਦੀ ਆਰੰਭਤਾ ਕੀਤੀ। ਸੈਕਰਾਮੈਂਟੋ ਤੋਂ ਆਈ, ਦੁਨੀਆਂ ਦੀ ਪਹਿਲੀ ਔਰਤ ਹੈਡ ਗ੍ਰੰਥੀ, ਬੀਬੀ ਸੁਰਜੀਤ ਕੌਰ ਜੀ ਨੇ ਵੀ ਆਪਣੀਆਂ ਦੋ ਰੁਬਾਈਆਂ ਅਤੇ ਇੱਕ ਗੀਤ ਤਰੰਨਮ ਵਿੱਚ ਗਾ ਕੇ ਮਹੌਲ ਸੁਰਮਈ ਬਣਾ ਦਿੱਤਾ। ਸਾਊਥ ਕੋਰੀਆ ਤੋਂ ਆਏ, ਨੌਜਵਾਨ ਸ਼ਾਇਰ ਅਮਨਬੀਰ ਸਿੰਘ ਜੀ ਨੇ, ਗੁਰੂ ਨਾਨਕ ਦੇਵ ਜੀ ਨਾਲ ਸਬੰਧਤ, ਇੱਕ ਧਾਰਮਿਕ ਗੀਤ ਤਰੰਨਮ ਵਿੱਚ ਸੁਣਾਇਆ। ਅਜਨਾਲਾ ਤੋਂ ਪਹੁੰਚੀ, ਲੈਕਚਰਾਰ ਗੁਰਜੀਤ ਕੌਰ ਜੀ ਨੇ ਕਬਿੱਤ ਛੰਦ ਵਿੱਚ ਲਿਖੀ ਆਪਣੀ ਕਵੀਸ਼ਰੀ ਦੀ, ਬੁਲੰਦ ਆਵਾਜ਼ ਰਾਹੀਂ ਸੰਗਤ ਨਾਲ ਸਾਂਝ ਪਾਈ। ਅੰਬਾਲਾ ਤੋਂ ਪਹੁੰਚੇ ਨਾਮਵਰ ਸ਼ਾਇਰ, ਗੁਰਚਰਨ ਸਿੰਘ ਜੋਗੀ ਜੀ ਨੇ ਆਪਣਾ ਗੀਤ - 'ਸਾਡੀ ਤਪਦੀ ਰੂਹ ਨੂੰ ਠਾਰਦੀ, ਤੇਰੀ ਅੰਮ੍ਰਿਤ ਬਾਣੀ' ਤਰੰਨਮ ਵਿੱਚ ਸੁਣਾ ਕੇ, ਹਾਜ਼ਰੀ ਲਵਾਈ। ਜੰਡਿਆਲਾ (ਅੰਮ੍ਰਿਤਸਰ) ਤੋਂ ਆਏ, ਪੰਥਕ ਸ਼ਾਇਰ ਤੇ ਪੱਤਰਕਾਰ, ਐਡਵੋਕੇਟ ਸ਼ੁਕਰਗੁਜ਼ਾਰ ਸਿੰਘ ਜੀ ਨੇ ਸ਼ਬਦ ਗੁਰੂ ਦੀ ਮਹਿਮਾ ਵਿੱਚ ਆਪਣੀ ਭਾਵਪੁਰਤ ਲੰਬੀ ਕਵਿਤਾ, ਕਬਿੱਤ ਛੰਦ ਵਿੱਚ ਸੁਣਾ ਕੇ, ਸੰਗਤ ਨੂੰ ਨਿਹਾਲ ਕੀਤਾ। ਛੰਦਾਂ ਦੇ ਉਸਤਾਦ ਖੋਜੀ ਵਿਦਵਾਨ ਜਸਵੰਤ ਸਿੰਘ ਸੇਖੋਂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਿਆਰੀ ਤੇ ਲਿਖੀ ਆਪਣੀ ਕਵੀਸ਼ਰੀ ਦੀ ਸੰਗਤ ਨਾਲ ਸਾਂਝ ਪਾਈ। ਸਰੀ ਬੀ. ਸੀ. ਤੋਂ ਪਹੁੰਚੇ, ਸਾਹਿਤਕਾਰਾ, ਡਾਕਟਰ ਗੁਰਮਿੰਦਰ ਕੌਰ ਸਿੱਧੂ ਜੀ ਨੇ ਗੁਰਬਾਣੀ ਦੀ ਮਹਾਨਤਾ ਬਾਰੇ ਆਪਣੀ ਸੰਖੇਪ ਰਚਨਾ ਰਾਹੀਂ, ਗਾਗਰ ਵਿੱਚ ਸਾਗਰ ਭਰ ਦਿੱਤਾ। ਟੋਰੰਟੋ ਤੋਂ ਆਏ, ਬੁਲੰਦ ਆਵਾਜ਼ ਦੇ ਮਾਲਕ, ਸੁਜਾਨ ਸਿੰਘ ਸੁਜਾਨ ਜੀ ਨੇ ਆਪਣਾ ਗੀਤ- 'ਜੁੱਗੋ ਜੁੱਗ ਅਟੱਲ, ਗੁਰੂ ਗ੍ਰੰਥ ਜੀ ਮਹਾਨ ਹੈ' ਸੁਣਾਇਆ।

ਅੰਤ ਵਿਚ ਸੁਸਾਇਟੀ ਦੇ ਸੰਸਥਾਪਕ, ਡਾ. ਰਾਜਾ ਬਲਰਾਜ ਸਿੰਘ ਜੀ ਨੇ ਸੰਗਤ ਵਲੋਂ ਸਮੂਹ ਕਵੀਆਂ ਦਾ ਧੰਨਵਾਦ ਕੀਤਾ ਤੇ ਸਭਾ ਬਾਰੇ ਜਾਣਕਾਰੀ ਦਿੱਤੀ। ਹੋਸਟ ਗੁਰਦੀਸ਼ ਕੌਰ ਨੇ ਵੀ ਆਪਣੀ ਕਬਿੱਤ ਛੰਦ ਵਿੱਚ ਲਿਖੀ ਕਵਿਤਾ- 'ਗੁਰੂ ਮਾਨਿਓ ਗ੍ਰੰਥ' ਸੰਗਤ ਨਾਲ ਸਾਂਝੀ ਕੀਤੀ। ਸੰਗਤ ਵਿਚੋਂ ਬੀਬੀ ਜਸਵੀਰ ਕੌਰ ਗਿੱਲ ਜੀ ਨੇ ਵੀ ਇੱਕ ਕਵਿਤਾ ਨਾਲ ਸਾਂਝ ਪਾਈ। ਜੈਕਾਰਿਆਂ ਦੀ ਗੂੰਜ ਵਿੱਚ ਕਵੀ ਦਰਬਾਰ ਦੀ ਸਮਾਪਤੀ ਹੋਈ।

ਇਸ ਸੰਸਥਾ ਵਲੋਂ ਸ਼ੁਰੂ ਕੀਤੇ ਔਨਲਾਈਨ ਮਹੀਨਾਵਾਰ ਮੈਗਜ਼ੀਨ 'ਸਾਂਝੀ ਵਿਰਾਸਤ' ਦੀ ਜਾਣਕਾਰੀ ਦਿੰਦਿਆਂ ਹੋਇਆਂ, ਪ੍ਰੋਫੈਸਰ ਡਾ. ਸੁਰਜੀਤ ਸਿੰਘ ਭੱਟੀ (ਮੁੱਖ ਸੰਪਾਦਕ) ਨੇ ਸਾਰੇ ਕਵੀਆਂ ਨੂੰ ਆਪਣੀਆਂ ਰਚਨਾਵਾਂ ਇਸ ਮੈਗਜ਼ੀਨ ਲਈ ਭੇਜਣ ਦੀ ਬੇਨਤੀ ਕੀਤੀ। ਕਵੀ ਦਰਬਾਰ ਦੀ ਸਮਾਪਤੀ ਤੇ, ਕੈਲਗਰੀ ਤੋਂ ਬੱਚੇ- ਯੁਵਰਾਜ ਸਿੰਘ ਤੇ ਸਬੀਨਾ ਕੌਰ ਨੇ ਆਨੰਦ ਸਾਹਿਬ ਸਰਵਣ ਕਰਾਇਆ। ਉਪਰੰਤ ਅਰਦਾਸ ਕਰਕੇ ਹੁਕਮਨਾਮਾ ਲਿਆ ਗਿਆ।ਇਸ ਤਰ੍ਹਾਂ ਇਹ ਸਮਾਗਮ ਸਰੋਤਿਆਂ ਦੇ ਮਨਾਂ ਤੇ ਅਮਿੱਟ ਛਾਪ ਛੱਡ ਗਿਆ।

# ਅਕਤੂਬਰ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ

**ਡਾ. ਬਲਦੇਵ ਸਿੰਘ ਢਿੱਲੋਂ (FNA, FNAAS, FNASc, FPAS)** ਪੰਜਾਬ ਐਗਰੀਕਲਚਰਲ ਯੂਨੀਵਰਸਿਟੀ (PAU), ਲੁਧਿਆਣਾ, ਦੇ ਸਾਬਕਾ ਵਾਈਸ ਚਾਂਸਲਰ (VC) ਹਨ। ਉਨ੍ਹਾਂ ਪੀਐਚ. ਡੀ. ਤੋਂ ਬਾਅਦ ਜਰਮਨੀ ਅਤੇ ਯੂ. ਕੇ. ਵਿਚ ਪੋਸਟ-ਡਾਕਟੋਰਲ ਅਤੇ ਜਰਮਨੀ ਤੇ ਮੈਕਸੀਕੋ ਵਿਚ ਸਾਇੰਸਦਾਨ ਦੀਆਂ ਸੇਵਾਵਾਂ ਨਿਭਾਈਆਂ। ਅੱਠ ਸਾਲ ਇੰਡੀਅਨ ਕੌਂਸਿਲ ਆਫ ਐਗਰੀਕਲਚਰਲ ਰਿਸਰਚ (ICAR) ਵਿਚ ਸੇਵਾ ਕੀਤੀ। ਮੱਕੀ ਵਿਚ ਉਹਨਾਂ ਦੀ ਰੀਸਰਚ ਦਾ ਸਦਕਾ ਉਹਨਾਂ ਨੂੰ "ਮੇਜ ਚੈਂਪੀਅਨ ਆਫ ਏਸ਼ੀਆ" ਦਾ ਐਵਾਰਡ ਮਿਲਿਆ। ਭਾਰਤ ਸਰਕਾਰ ਨੇ ਉਹਨਾਂ ਨੂੰ "ਪਦਮਾ ਸ਼੍ਰੀ" ਅਤੇ ਪੰਜਾਬ ਸਰਕਾਰ ਨੇ "ਗੁਰੂ ਨਾਨਕ ਅਚੀਵਰਸ ਐਵਾਰਡ" ਨਾਲ ਸਨਮਾਨਿਤ ਕੀਤਾ। **Mob.: +91 987 287 1033, e-mail : dhillonbaldevsingh@gmail.com.**

**ਡਾ. ਹਰਸ਼ਿੰਦਰ ਕੌਰ**, ("ਭਾਰਤ ਦੀ ਸਟੀਲ ਵੂਮੈਨ") ਪਟਿਆਲਾ ਤੋਂ ਐੱਮ.ਡੀ. ਹਨ। ਭਰੂਣ ਹੱਤਿਆ, ਦਾਜ ਅਤੇ ਘਰੇਲੂ ਹਿੰਸਾ ਵਿਰੁੱਧ ਸੰਸਥਾਵਾਂ, ਕਾਲਜਾਂ, ਰੇਡੀਓ ਅਤੇ ਟੀ.ਵੀ. 'ਤੇ ਜਾਗਰੂਪਤਾ ਲਿਆ ਰਹੇ ਹਨ।ਅਨਾਥ 415 ਲੜਕੀਆਂ ਨੂੰ ਮੁਫਤ ਸਿੱਖਿਆ ਪ੍ਰਦਾਨ ਕਰ ਰਹੇ ਨੇ, ਅਤੇ 41 ਅੰਤਰਰਾਸ਼ਟਰੀ ਪੱਧਰ 'ਤੇ ਸਨਮਾਨਿਤ ਕਿਤਾਬਾਂ ਅਤੇ ਲੇਖ ਲਿਖੇ ਹਨ।ਭਾਰਤ ਦੀਆਂ ਚੋਟੀ ਦੀਆਂ ਮਹਿਲਾਵਾਂ ਵਜੋਂ ਰਾਸ਼ਟਰਪਤੀ ਦੁਆਰਾ ਸਨਮਾਨਿਤ ਕੀਤਾ ਗਿਆ, ਪੰਜਾਬ ਤੋਂ ਪੁਰਸਕਾਰ ਪ੍ਰਾਪਤ ਕੀਤੇ, ਚੋਟੀ ਦੇ ਸਿੱਖ ਰੋਲ ਮਾਡਲਾਂ ਵਿੱਚ ਹਨ, UN 'ਵੂਮੈਨ ਰਾਈਟਸ ਐਕਟੀਵਿਸਟ' ਅਵਾਰਡ, ਰੋਟਰੀ ਵੋਕੇਸ਼ਨਲ ਅਵਾਰਡ, ਕੈਨੇਡਾ, ਕੈਲੀਫੋਰਨੀਆ ਦੀਆਂ ਸੰਸਦਾਂ ਵਿੱਚ 'ਲਾਈਫਟਾਈਮ ਅਚੀਵਮੈਂਟ ਅਵਾਰਡ' ਪ੍ਰਾਪਤ ਕੀਤੇ। ਭਾਰਤ, ਨੀਦਰਲੈਂਡ, ਯੂ. ਕੇ. ਅਤੇ ਕੈਨੇਡਾ ਦੇ ਟੀ. ਵੀ. ਦੁਆਰਾ ਉਨ੍ਹਾਂ ਦੇ ਕੰਮ 'ਤੇ ਫਿਲਮਾਂ ਬਣਾਈਆਂ ਗਈਆਂ ਹਨ।

**ਸਰਦਾਰ ਕਰਮਜੀਤ ਸਿੰਘ ਨੂਰ** ਪੰਜਾਬ ਰਾਜ ਬਿਜਲੀ ਬੋਰਡ ਤੋਂ 2008 ਵਿਚ ਬਤੌਰ ਐਕਸੀਅਨ ਰਿਟਾਇਰ ਹੋਏ। ਅੱਠ ਕਾਵਿ ਸੰਗ੍ਰਹਿ ਛਪੇ ਹਨ।ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਸਾਹਿਤਕਾਰ ਸਦਨ ਦੇ ਮੀਤ ਪ੍ਰਧਾਨ, ਸਕੱਤਰ ਸਨ,"ਸਾਡਾ ਵਿਰਸਾ ਸਾਡਾ ਗੌਰਵ" ਤੇ ਹੋਰ ਮੈਗਜ਼ੀਨਾਂ ਵਿਚ ਲਿਖਦੇ ਹਨ। ਇੰਗਲੈਂਡ, ਅਮਰੀਕਾ ਅਤੇ ਪਾਕਿਸਤਾਨ ਵਿਖੇ ਕਵੀ ਦਰਬਾਰਾਂ ਅਤੇ ਹੋਲੇ ਮਹੱਲੇ ਸਮਾਗਮਾਂ (2016 ਅਤੇ 2017) ਵਿਚ ਸਨਮਾਨ ਪ੍ਰਾਪਤ ਹੋਏ।ਦਿੱਲੀ ਵਿਖੇ ਸਪਤ ਸ੍ਰਿੰਗ ਪੰਜਾਬੀ ਕਵੀ ਸਭਾ ਤੋਂ, ਜੀਵਨ ਭਰ ਦੀਆਂ ਪ੍ਰਾਪਤੀਆ ਲਈ ਸ੍ਰ. ਪ੍ਰੀਤਮ ਸਿੰਘ ਕਾਸਦ ਯਾਦਗਾਰੀ ਪੁਰਸਕਾਰ ਮਿਲਿਆ। ਆਲ ਇੰਡੀਆ ਰੇਡੀਓ ਅਤੇ ਦੂਰਦਰਸ਼ਨ ਕੇਂਦਰ ਜਲੰਧਰ ਵਲੋਂ ਕਵੀ ਦਰਬਾਰਾਂ ਦਾ ਸੰਚਾਲਨ ਕੀਤਾ। ਸ੍ਰੀ ਦਸਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ ਦੇ ਪ੍ਰਧਾਨ ਹਨ। **(e-mail : ksnoor50@gmail.com).**

**ਡਾ. ਕਾਬਲ ਸਿੰਘ**, ਪੀਐਚ.ਡੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਤੋਂ ਕਰ ਕੇ ਭਾਰਤ, ਜ਼ੈਂਬੀਆ ਅਤੇ ਕੈਨੇਡਾ ਵਿੱਚ ਵਿਭਾਗੀ ਮੁਖੀ, ਤਕਨੀਕੀ ਸਲਾਹਕਾਰ ਅਤੇ ਕਾਲਜਾਂ ਦੇ ਡੀਨ ਸਨ। ਉਨ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਰ ਕੇ ਗੁਰਬਾਣੀ ਦੀ ਰੋਸ਼ਨੀ ਵਿੱਚ ਸਮਕਾਲੀ ਮਸਲਿਆਂ ਬਾਰੇ ਲਿਖਣਾ ਸ਼ੁਰੂ ਕੀਤਾ। ਉਨ੍ਹਾਂ ਨੇ ਆਪਣੇ ਲੈਕਚਰਾਂ ਅਤੇ ਜ਼ੂਮ ਪੇਸ਼ਕਾਰੀਆਂ ਰਾਹੀਂ ਸੰਗਤ ਨਾਲ ਮਜ਼ਬੂਤ ਤਾਲਮੇਲ ਸਥਾਪਿਤ ਕੀਤਾ ਹੈ।

**ਡਾ. ਬਲਦੇਵ ਸਿੰਘ,** ਐਮ.ਐਸਸੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਤੋਂ ਅਤੇ ਪੀਐਚ.ਡੀ. ਯੂਨੀਵਰਸਿਟੀ ਆਫ ਅਲਬਰਟਾ ਤੋਂ ਹਾਸਲ ਕੀਤੀ। 20 ਸਾਲਾਂ ਤੋਂ ਵੱਧ ਪ੍ਰੋਫੈਸਰ ਵਜੋਂ ਕੰਮ ਕੀਤਾ (ਮਿੱਟੀ, ਪਾਣੀ, ਫਸਲ ਅਤੇ ਵਾਤਾਵਰਣ ਪ੍ਰਬੰਧਨ ਵਿੱਚ)। ਉਨ੍ਹਾਂ ਨੇ ਪੀਐਚ.ਡੀ. ਲਈ ਕੈਨੇਡੀਅਨ ਕਾਮਨਵੈਲਥ ਸਕਾਲਰਸ਼ਿਪ ਪ੍ਰਾਪਤ ਕੀਤਾ ਅਤੇ ਕੁਸ਼ਲ ਸਰੋਤ ਪ੍ਰਬੰਧਨ ਲਈ ਟੀਮ ਖੋਜ ਅਵਾਰਡ ਮਿਲਿਆ। ਉਨ੍ਹਾਂ ਨੇ ਅਲਬਰਟਾ ਯੂਨੀਵਰਸਿਟੀ, ਅਲਬਰਟਾ ਐਨਵਾਇਰਮੈਂਟ, ਅਤੇ ਸਲਾਹਕਾਰ ਕੰਪਨੀਆਂ ਨਾਲ ਕੰਮ ਕੀਤਾ ਸੀ।

**ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ** ਧਾਰਮਿਕ ਅਤੇ ਸਮਾਜਿਕ ਲੇਖ ਅਤੇ ਕਵਿਤਾਵਾਂ ਲਿਖਦੇ ਹਨ, ਜੋ ਦੁਨੀਆਂ ਭਰ ਵਿੱਚ ਛਪਦੇ ਹਨ। ਉਹ ਵਿਸ਼ਵ ਪੰਜਾਬੀ ਕਵੀ ਸਭਾ ਦੀ ਸਕੱਤਰ ਅਤੇ ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੇ ਮੀਤ ਪ੍ਰਧਾਨ ਹਨ। ਉਨ੍ਹਾਂ ਨੇ ਸੱਤ ਕਿਤਾਬਾਂ (ਕਵਿਤਾ ਅਤੇ ਵਾਰਤਕ) ਪ੍ਰਕਾਸ਼ਿਤ ਕੀਤੀਆਂ ਹਨ। ਕੈਨੇਡਾ ਦੀ ਫੈਡਰਲ ਸਰਕਾਰ ਦੁਆਰਾ ਦੋ ਵਾਰ ਉਨ੍ਹਾਂ ਨੂੰ ਸਤਿਕਾਰ ਦਿੱਤਾ ਗਿਆ ਹੈ। ਭਾਰਤ ਅਤੇ ਵਿਦੇਸ਼ਾਂ ਵਿੱਚ ਉਨ੍ਹਾਂ ਨੂੰ ਕਈ ਸਨਮਾਨ ਮਿਲੇ ਹਨ। ਉਨ੍ਹਾਂ ਨੂੰ 'ਦੇਸ ਪੰਜਾਬ ਟਾਈਮਜ਼', ਕੈਲਗਰੀ, ਦੁਆਰਾ 'ਭਾਈ ਵੀਰ ਸਿੰਘ ਜੀ' ਅਵਾਰਡ ਨਾਲ ਵੀ ਸਨਮਾਨਿਤ ਕੀਤਾ ਗਿਆ।

ਸ੍ਰ. ਗੁਰਭਜਨ ਸਿੰਘ ਗਿੱਲ ਕਵੀ, ਟਿੱਪਣੀਕਾਰ, ਵਿਗਿਆਨ ਸਾਹਿਤ ਸੰਪਾਦਕ ਅਤੇ ਖੇਡਾਂ ਵਿਚ ਸਰਗਰਮ ਹਨ। ਪਾਕਿਸਤਾਨ ਵਿੱਚ ਤਿੰਨ ਪੁਸਤਕਾਂ (ਰਾਵੀ, ਖੈਰ ਪੰਜਾਂ ਪਾਣੀਆਂ ਦੀ ਅਤੇ ਸੁਰ ਤਾਲ) ਸ਼ਾਹਮੁਖੀ ਵਿਚ ਛਪੀਆਂ ਹਨ। ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ 2010 ਤੋਂ 2014 ਤਕ ਪ੍ਰਧਾਨ ਰਹੇ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ ਪੜ੍ਹਾਉਂਦਿਆਂ ਉਹ ਮਾਸਿਕ ਪੱਤਰ "ਚੰਗੀ ਖੇਤੀ" ਦੇਸੀਨੀਅਰ ਸੰਪਾਦਕ ਰਹੇ। ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਵਿੱਚ ਡਾਇਰੈਕਟਰ ਯੋਜਨਾ ਤੇ ਵਿਕਾਸ ਰਹੇ। ਅੱਜਕੱਲ੍ਹ ਉਹ "ਲੋਕ ਵਿਰਾਸਤ ਅਕੈਡਮੀ" ਦੇ ਚੇਅਰਮੈਨ ਹਨ।

**ਸ੍ਰ. ਹਰਪ੍ਰੀਤ ਸਿੰਘ ਜਵੰਦਾ** ਪੰਜਾਬ ਯੂਨੀਵਰਸਿਟੀ ਤੋਂ ਐਮ.ਏ. (ਕਾਮਰਸ ਅਤੇ ਹੋਟਲ ਮੈਨੇਜਮੈਂਟ) ਹਨ ਅਤੇ ਫਰੈਂਚ ਭਾਸ਼ਾ ਵਿੱਚ ਡਿਪਲੋਮਾ ਕੋਰਸ ਕੀਤਾ ਹੈ। ਉਹ 2005 ਤੋਂ ਵਿਨੀਪੈਗ ਵਿੱਚ ਹਨ। ਉਨ੍ਹਾਂ ਦੀ ਦਿਲਚਸਪੀ ਪੰਜਾਬੀ ਵਿੱਚ ਮਿੰਨੀ ਕਹਾਣੀ ਲਿਖਣ ਵਿੱਚ ਹੈ। ਉਨ੍ਹਾਂ ਨੂੰ ਭਾਰਤ ਅਤੇ ਕੈਨੇਡਾ ਦੀਆਂ ਕਈ ਸਾਹਿੱਤਕ ਸੰਸਥਾਵਾਂ ਨੇ ਮਾਨਤਾ ਦਿੱਤੀ ਹੈ।

**ਪ੍ਰੋਫੈਸਰ (ਡਾ.) ਬਲਵਿੰਦਰ ਪਾਲ ਸਿੰਘ** ਪੰਜਾਬ ਯੂਨੀਵਰਸਿਟੀ ਤੋਂ ਐਮ.ਏ (ਅਰਥ ਸ਼ਾਸਤਰ) ਅਤੇ ਐਮ.ਏ., (ਪੰਜਾਬੀ) ਅਤੇ ਪੀ.ਐਚ.ਡੀ. ਪੰਜਾਬੀ ਯੂਨੀਵਰਸਿਟੀ ਤੋਂ ਹਨ। ਜੀ.ਐਚ.ਜੀ. ਖਾਲਸਾ ਕਾਲਜ, ਗੁਰੂਸਰ ਸਧਾਰ ਤੋਂ ਮੁਖੀ (ਅਰਥ ਸ਼ਾਸਤਰ) ਵਜੋਂ ਸੇਵਾਮੁਕਤ ਹੋਏ। ਦੋ ਪੁਸਤਕਾਂ ਪ੍ਰਕਾਸ਼ਿਤ ਅਤੇ 8 ਪੁਸਤਕਾਂ ਸੰਪਾਦਿਤ ਕੀਤੀਆਂ।ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ ਦੇ "ਸਾਡਾ ਵਿਰਸਾ ਸਾਡਾ ਗੌਰਵ" ਦੇ ਮੁੱਖ ਸੰਪਾਦਕ ਹਨ। **info@ggssc.net)**

**ਬੀਬੀ ਰੁਬੀਨਾ ਸਿੰਘ** ਕੈਲਗਰੀ ਯੂਨੀਵਰਸਿਟੀ ਵਿੱਚ ਬੀ. ਐਸਸੀ. ਦੀ ਵਿਦਿਆਰਥਣ ਹੈ। ਮਾਨਸਿਕ ਸਿਹਤ 'ਤੇ ਅਲਬਰਟਾ ਹੈਲਥ ਸਿਸਟਮ ਪ੍ਰੋਜੈਕਟ ਵਿਚ ਖੋਜਕਾਰ ਹੈ।"ਡਾਇਗਨੌਸਟਿਕਸ ਵਿੱਚ ਅਸਮਾਨਤਾਵਾਂ" ਸੰਸਥਾ ਦੀ ਵਾਈਸ-ਪ੍ਰੈਜ਼ੀਡੈਂਟ ਹੈ ਜੋ ਔਰਤਾਂ ਦੀ ਸਿਹਤ ਦੀ ਜਾਂਚ ਵਿਚ ਕਮੀਆਂ ਨਾਲ ਸੰਬੰਧਤ ਹੈ। ਕੈਲਗਰੀ ਵਿੱਚ ਫੁੱਟਹਿਲਜ਼ ਮੈਡੀਕਲ ਸੈਂਟਰ ਵਿੱਚ ਵਲੰਟੀਅਰ ਵਜੋਂ 1000 ਘੰਟਿਆਂ ਤੋਂ ਵੱਧ ਸੇਵਾ ਕੀਤੀ ਤੇ ਪ੍ਰੋਜੈਕਟ (COVID SPEAKS) ਦੀ ਅਗਵਾਈ ਕੀਤੀ।

**ਪ੍ਰੋਫੈਸਰ (ਡਾ:) ਸੁਰਜੀਤ ਸਿੰਘ ਭੱਟੀ** ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਮੁਖੀ ਅਤੇ ਡੀਨ (ਸਾਇੰਸ), ਅਤੇ ਬਾਅਦ ਵਿੱਚ ਅਦੇਸ਼ ਇੰਜੀਨੀਅਰਿੰਗ ਕਾਲਜ ਦੇ ਡਾਇਰੈਕਟਰ-ਪ੍ਰਿੰਸੀਪਲ ਰਹੇ। ਦੋ ਨਵੇਂ ਇੰਜੀਨਿਅਰਿੰਗ ਕਾਲਜ ਬਣਾਏ। ਕਾਨਫ਼ਰੰਸਾਂ ਲਈ ਇਟਲੀ, ਇੰਗਲੈਂਡ, ਫਰਾਂਸ, ਅਮਰੀਕਾ ਤੇ ਹਾਂਗਕਾਂਗ ਗਏ, 12 ਪੀਐਚ. ਡੀ. ਖੋਜ ਨਿਬੰਧਾਂ ਦਾ ਮਾਰਗ-ਦਰਸ਼ਨ ਕੀਤਾ। ਤਿੰਨ ਪੁਸਤਕਾਂ ਤੇ 100 ਤੋਂ ਵੱਧ ਪੇਪਰ ਪ੍ਰਕਾਸ਼ਿਤ ਕੀਤੇ ਹਨ। (**Blog: www.drssbhatti.ca.)**

**ਸ੍ਰ: ਗੁਰਚਰਨ ਸਿੰਘ 'ਜੋਗੀ'**, ਐਮ.ਏ., ਐਮ. ਫਿਲ. , ਬੀ.ਐਡ.ਕਰ ਕੇ ਸਕੂਲ ਵਿੱਚ ਬਤੌਰ ਮੁਖੀ ਸੇਵਾਵਾਂ ਨਿਭਾ ਰਹੇ ਹਨ। ਟੈਲੀਵਿਜ਼ਨ ਚੈਨਲਾਂ ਅਤੇ ਰੇਡੀਓ ਤੋਂ ਰਚਨਾਵਾਂ ਦਾ ਪ੍ਰਸਾਰਣ ਕਰਨ ਦਾ ਸ਼ੌਕ ਹੈ। ਅਖਬਾਰਾਂ , ਮੈਗ਼ਜ਼ੀਨਾਂ ਅਤੇ ਸਾਹਿਤ ਅਕਾਦਮੀ ਵੱਲੋਂ ਪ੍ਰਕਾਸ਼ਿਤ ਪੁਸਤਕਾਂ ਵਿਚ ਰਚਨਾਵਾਂ ਛਪੀਆਂ। ਉੱਤਰੀ ਭਾਰਤ ਦੇ ਕਵੀ ਦਰਬਾਰਾਂ ਵਿਚ ਬਤੌਰ ਕਵੀ ਸ਼ਿਰਕਤ ਕੀਤੀ। ਪਿਛਲੇ ਲਗਭਗ 35-36 ਵਰ੍ਹਿਆਂ ਤੋਂ ਗ਼ਜ਼ਲ ਲੇਖਨ ਦਾ ਸਿਲਸਿਲਾ ਜਾਰੀ ਹੈ।

**ਸ੍ਰੀਮਤੀ ਨਰਿੰਦਰ ਕੌਰ**, ਪੰਜਾਬ ਯੂਨੀਵਰਸਿਟੀ ਤੋਂ ਐਮ.ਏ (ਅਰਥ ਸ਼ਾਸਤਰ), ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਐਮ.ਏ. (ਸਮਾਜ ਵਿਗਿਆਨ) ਅਤੇ ਗੋਲਡ ਮੈਡਲ ਨਾਲ, ਐਮ.ਐਸ.ਸੀ. (ਲਾਇਬ੍ਰੇਰੀ ਅਤੇ ਸੂਚਨਾ ਵਿਗਿਆਨ), ਤੋਂ ਬਾਅਦ ਉਨ੍ਹਾਂ ਨੇ ਖਾਲਸਾ ਕਾਲਜ, ਅੰਮ੍ਰਿਤਸਰ, ਵਿੱਚ ਲਾਇਬ੍ਰੇਰੀਅਨ (1980-2005) ਵਜੋਂ ਕੰਮ ਕੀਤਾ, ਕੈਲਗਰੀ ਵਿੱਚ ਰਹਿੰਦੇ ਹਨ।

**ਸ੍ਰ: ਬੁੱਧ ਸਿੰਘ ਨੀਲੋਂ** ਕਈ ਅਖਬਾਰਾਂ ਦੇ ਸੰਪਾਦਕੀ ਬੋਰਡਾਂ ਵਿੱਚ ਰਹੇ ਤੇ ਹੁਣ ਰੋਜ਼ਾਨਾ "ਪ੍ਰਾਈਮ ਉਦੇ" ਦੇ ਸਮਾਚਾਰ ਸੰਪਾਦਕ ਹਨ। ਅਠਾਰਾਂ ਸਾਲ ਪੰਜਾਬੀ ਸਾਹਿਤ ਅਕਾਦਮੀ ਪੰਜਾਬੀ ਭਵਨ ਲੁਧਿਆਣਾ ਦੀ ਲਾਇਬ੍ਰੇਰੀ ਵਿੱਚ ਸੇਵਾ ਕੀਤੀ। ਪੰਜ ਕਿਤਾਬਾਂ ਅਨੁਵਾਦ ਕੀਤੀਆਂ, ਇਕ ਸੰਪਾਦਿਤ ਕੀਤੀ, "ਪੰਜਾਬ ਦੀ ਤਸਵੀਰ" ਅਤੇ ਖੋਜ ਕਿਤਾਬ "ਪੰਜਾਬੀ ਸਾਹਿਤ ਦਾ ਮਾਫੀਆ" ਦੇ ਲੇਖਕ ਹਨ। ਪੰਜਾਬੀ ਪੀਐਚ.ਡੀ. ਨਿਬੰਧਾਂ ਦੇ ਵਿੱਚ ਨਕਲ ਬਾਰੇ ਖੋਜ ਕੀਤੀ ਹੈ।

**ਡਾ.ਡੀ.ਪੀ.ਸਿੰਘ,** ਭੌਤਿਕ ਵਿਗਿਆਨੀ, ਅਧਿਆਪਕ, ਅਤੇ ਪ੍ਰਸਿੱਧ ਲੇਖਕ ਹਨ। ਵਾਤਾਵਰਨ, ਸਮਾਜਿਕ ਸਮੱਸਿਆਵਾਂ ਅਤੇ ਸਿੱਖ ਅਧਿਆਤਮਿਕਤਾ ਉੱਤੇ ਅੰਗਰੇਜ਼ੀ ਅਤੇ ਪੰਜਾਬੀ ਵਿੱਚ ਲਿਖਦੇ ਹਨ। 24 ਕਿਤਾਬਾਂ, ਸੈਂਕੜੇ ਲੇਖ, ਅਤੇ ਛੋਟੀਆਂ ਕਹਾਣੀਆਂ, 26 ਕਿਤਾਬਾਂ ਦੇ ਅਧਿਆਏ, ਅਤੇ 25 ਕਿਤਾਬਾਂ ਦੀਆਂ ਸਮੀਖਿਆਵਾਂ ਪ੍ਰਕਾਸ਼ਿਤ ਕੀਤੀਆਂ ਹਨ। ਉਹ ਮਿਸੀਸਾਗਾ (ਓਨਟਾਰੀਓ) ਵਿਖੇ 'ਸੈਂਟਰ ਫਾਰ ਅੰਡਰਸਟੈਂਡਿੰਗ ਸਿੱਖਇਜ਼ਮ ਦੇ ਆਨਰੇਰੀ ਡਾਇਰੈਕਟਰ ਹਨ'।

## ਲੇਖਕਾਂ ਲਈ ਜਾਣਕਾਰੀ

1. ਮੈਗਜ਼ੀਨ ਦੀ ਨੀਤੀ: ਪੰਜਾਬੀ ਭਾਸ਼ਾ, ਸੱਭਿਆਚਾਰ, ਇਤਿਹਾਸ ਅਤੇ ਵਿਰਾਸਤ ਨੂੰ ਪ੍ਰਫੁੱਲਤ ਕਰਨ ਲਈ ਧਰਮ-ਨਿਰਪੱਖ, ਗੈਰ-ਸਿਆਸੀ, ਗੈਰ-ਨਿੱਜੀ ਲੇਖ / ਕਵਿਤਾਵਾਂ (ਹੀ), ਸਮੀਖਿਆ ਕਰਵਾ ਕੇ ਛਾਪਣਾ

2. ਸੰਪਾਦਕੀ ਬੋਰਡ : ਲੇਖਕਾਂ ਦੇ ਵਿਚਾਰਾਂ ਲਈ ਜ਼ਿੰਮੇਵਾਰ ਨਹੀਂ, ਜ਼ਿਮੇਵਾਰੀ ਕੇਵਲ ਲੇਖਕਾਂ ਦੀ ਹੋਵੇਗੀ
3. ਲਿਖਤ (ਫੌਂਟ 12) : ਪੰਜਾਬੀ - ਅਨਮੋਲ ਲਿਪੀ ਵਿਚ, ਅੰਗਰੇਜ਼ੀ - ਟਾਈਮਜ਼ ਨਿਊ ਰੋਮਨ ਵਿਚ
4. ਵਰਡ 'ਚ ਹੀ ਹੋਵੇ : ਪ੍ਰਿੰਟ-ਸਕ੍ਰੀਨ, ਫੋਟੋਕਾਪੀ, ਸਨਿੱਪ-ਟੂਲ, ਪੀ ਡੀ ਐਫ ਨਾ ਹੋਵੇ ਜੀ
5. ਸਪੇਸ /ਹਾਸ਼ੀਏ : ਸਿੰਗਲ (1.0) ਲਾਈਨ ਸਪੇਸਿੰਗ। ਹਾਸ਼ੀਏ : ਚਾਰੇ ਪਾਸੇ ਇੱਕ ਇੰਚ
6. ਲੇਖਕ ਦਾ ਨਾਮ : ਸ਼ਹਿਰ, ਦੇਸ਼, (ਚਾਹੁਣ ਤਾਂ ਫੋਟੋ), ਫ਼ੋਨ/ ਈ-ਮੇਲ, ਵੱਟਸਐਪ, ਸੰਖੇਪ ਜਾਣਕਾਰੀ
7. ਕੁਲ ਲੰਬਾਈ : ਲੈਪਟਾਪ ਦੇ ਦੋ ਪੰਨੇ ਜਾਂ 900 ਸ਼ਬਦ (ਫੋਟੋ ਸਪੇਸ ਸਮੇਤ)
8. ਲੰਬੇ ਲੇਖ : ਵੈੱਬਸਾਈਟ sanjhivirasat.org ਦੇ ਬਲੌਗ 'ਤੇ ਪਾ ਦਿੱਤੇ ਜਾਣਗੇ
9. ਮੌਲਿਕਤਾ : ਲੇਖਕ ਵਲੋਂ Copyright Infringement ਨਹੀਂ ਹੋਣੀ ਚਾਹੀਦੀ
10. ਹਵਾਲੇ : ਟਾਈਟਲ, ਮੂਲ ਲੇਖਕ ਅਤੇ ਜਰਨਲ / ਕਿਤਾਬ ਦਾ ਨਾਮ ਤੇ ਸਾਲ
11. ਗੁਰਬਾਣੀ ਲਈ : ਸਰੋਤ, ਪੰਨਾ ਨੰਬਰ ਦਿਓ। ਫੋਟੋ (ਜੇ ਹੈ ਤਾਂ) ਕਿਥੋਂ ਲਈ ਗਈ ਹੈ, ਦਸਿਆ ਜਾਵੇ।

## Information for Authors

1. Magazine Policy : To Promote Punjabi Culture, History & Heritage using Secular, Non-Political, Non-Personal Articles/Poems, Subject to Review

2. Editorial Board : Will not be responsible for the views of Authors /Poets.
3. Font size 12 : Panjabi - Anmol Lipi (English -Times New Roman)
4. Spacing, margin : Line-to-line 1.0, Margins One Inch on all four sides
5. Format-WORD : PDF, Photocopy, Print-screen, Snip-tool not Accepted
6. Author's Name : With city (and country), brief (own) Introduction
7. Author's Options : Photo (Optional), Phone, e-mail, or WhatsApp
8. Maximum Length: Two pages (Including Photo) / 900 words on Laptop
9. Longer Articles : Placed on BLOG on Website *(sanjhivirasat.org)*.


10 Copy-right (CR) : Authors will certify there is No CR Infringement

11 References : Source (Author, Title, Journal/Book, Year, Pages.

.

## ਸੰਪਾਦਕੀ ਮੰਡਲ


ਡਾ. ਰਾਜਾ ਬਲਰਾਜ ਸਿੰਘ


ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ


ਪ੍ਰੋਫ਼ੈਸਰ ਮਨਿੰਦਰ ਸਿੰਘ


ਡਾ. ਕਾਬਲ ਸਿੰਘ


ਡਾ. ਬਲਦੇਵ ਸਿੰਘ


ਸ. ਜਗਬੀਰ ਸਿੰਘ ਕੋਹਲੀ


ਸ. ਪਰਮਜੀਤ ਸਿੰਘ


ਪ੍ਰਿਸੀਪਲ ਮਨਮੋਹਨ ਕੌਰ


ਡਾ. ਰਾਜਬੀਰ ਸਿੰਘ ਭੱਟੀ


ਡਾ. ਸੁਰਜੀਤ ਸਿੰਘ ਭੱਟੀ

## ਸਲਾਹਕਾਰ


ਡਾ. ਕਾਲਾ ਸਿੰਘ


ਡਾ. ਡੀ. ਪੀ ਸਿੰਘ


ਡਾ. ਜਗਜੀਤ ਸਿੰਘ


ਡਾ. ਦਵਿੰਦਰ ਸਿੰਘ ਸੇਖੋਂ